1-JUNE-PAGE-1.qxd 5/31/2023 9:32 PM Page 1

ਵੀਰਵਾਰ, 1 ਜੂਨ, 2023
18 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 361

ਨਵਾਂ ਜ਼ਮਾਨਾ

DAILY NAWAN ZAMANA • THURSDAY, 1 JUNE, 2023
ਜਲੰਧਰ
nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਚੰਨੀ ਦੇ ਭਤੀਜੇ ਜਸ਼ਨ ਨੇ 2 ਕਰੋੜ ਮੰਗੇ ਸਨ : ਮਾਨ

ਜ਼ਮੀਰ ਅੰਦਰ ਝਾਤੀ ਮਾਰਨ ਚੰਨੀ, ਇਹ ਗੰਦੀ ਖੇਡ ਉਨ੍ਹਾ ਦੇ ਇਸ਼ਾਰੇ ਤੋਂ ਬਿਨਾਂ ਸੰਭਵ ਨਹੀਂ ਸੀ

ਚੰਡੀਗੜ੍ਹ (ਗੁਰਜੀਤ ਬਿੱਲਾ)-ਨੌਕਰੀ ਬਦਲੇ ਪੈਸੇ ਮੰਗਣ ਲਈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰਾਂ ਦਾ ਪਰਦਾ ਫਾਸ਼ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਕ੍ਰਿਕਟ ਖਿਡਾਰੀ ਜਸਇੰਦਰ ਸਿੰਘ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ, ਜਿਸ ਪਾਸੋਂ ਨੌਕਰੀ ਦੇਣ ਬਦਲੇ ਰਿਸ਼ਵਤ ਮੰਗੀ ਗਈ ਸੀ। ਇਸ ਦੌਰਾਨ ਮੁੱਖ ਮੰਤਰੀ ਨੇ ਮੀਡੀਆ ਸਾਹਮਣੇ ਇਸ ਕੇਸ ਨਾਲ ਜੁੜੇ ਤੱਥ ਵੀ ਪੇਸ਼ ਕੀਤੇ।

ਇੱਥੇ ਪੰਜਾਬ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਦੇ ਭਤੀਜੇ ਜਸ਼ਨ ਨੇ ਜਸਇੰਦਰ ਵੱਲੋਂ ਪੰਜਾਬ ਲੋਕ ਸੇਵਾ ਕਮਿਸ਼ਨ (ਪੀ ਪੀ ਐੱਸ ਸੀ) ਦਾ ਟੈਸਟ ਕਲੀਅਰ ਕਰਨ ਦੇ ਇਵਜ਼ ਵਿਚ ਨੌਕਰੀ ਦੇਣ ਲਈ ਉਸ ਪਾਸੋਂ 2 ਕਰੋੜ ਰੁਪਏ ਰਿਸ਼ਵਤ ਮੰਗੀ ਸੀ। ਉਨ੍ਹਾ ਕਿਹਾ ਕਿ ਚਰਨਜੀਤ ਸਿੰਘ ਚੰਨੀ ਦੇ ਕਾਰਜਕਾਲ ਦੌਰਾਨ ਸਰੇਆਮ ਨੌਕਰੀਆਂ ਵਿਕਦੀਆਂ ਸਨ, ਜਿਸ ਨਾਲ ਇਸ ਪ੍ਰਤਿਭਾਵਾਨ ਖਿਡਾਰੀ ਦਾ ਸ਼ਾਨਦਾਰ ਖੇਡ ਜੀਵਨ ਤਬਾਹ ਹੋ ਗਿਆ। ਭਗਵੰਤ ਮਾਨ ਨੇ ਕਿਹਾ ਕਿ ਜਸਇੰਦਰ ਤੇ ਉਨ੍ਹਾ ਦੇ ਪਿਤਾ ਨੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਮੌਜੂਦਗੀ ਵਿਚ ਇਕ ਸਮਾਗਮ ਦੌਰਾਨ ਸਾਬਕਾ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਦੇ ਤਤਕਾਲੀ ਪ੍ਰਮੁੱਖ ਸਕੱਤਰ ਹੁਸਨ ਲਾਲ ਨੇ ਉਨ੍ਹਾ (ਸਾਬਕਾ ਮੁੱਖ ਮੰਤਰੀ) ਨੂੰ ਸਮੁੱਚੇ ਕੇਸ ਬਾਰੇ ਜਾਣੂੰ ਕਰਵਾਇਆ ਸੀ। ਉਨ੍ਹਾ ਕਿਹਾ ਕਿ ਚੰਨੀ ਨੇ ਇਹ ਕੇਸ ਪ੍ਰਵਾਨਗੀ ਲਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਿਆਉਣ ਲਈ ਸਹਿਮਤੀ ਦਿੱਤੀ ਸੀ, ਪਰ ਜਸਇੰਦਰ ਨੂੰ ਜਸ਼ਨ ਨੂੰ ਜਾ ਕੇ ਮਿਲਣ ਲਈ ਆਖਿਆ ਸੀ। ਭਗਵੰਤ ਮਾਨ ਨੇ ਕਿਹਾ ਕਿ ਜਦੋਂ ਜਸਇੰਦਰ ਤੇ ਉਸ ਦੇ ਪਿਤਾ ਚੰਨੀ ਦੇ ਭਤੀਜੇ ਨੂੰ ਮਿਲੇ ਤਾਂ ਉਸ ਨੇ ਨੌਕਰੀ ਲਈ 2 ਕਰੋੜ ਰੁਪਏ ਦੇਣ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਉਨ੍ਹਾਂ ਪੈਸੇ ਦੇਣ ਤੋਂ ਅਸਮਰੱਥਾ ਪ੍ਰਗਟਾਈ ਤਾਂ ਨੌਕਰੀ ਨਹੀਂ ਦਿੱਤੀ ਗਈ। ਉਨ੍ਹਾ ਕਿਹਾ ਕਿ ਸਾਬਕਾ ਮੁੱਖ ਮੰਤਰੀ ਨੇ ਇਕ ਸਮਾਗਮ ਦੌਰਾਨ ਜਸਇੰਦਰ ਅਤੇ ਉਸ ਦੇ ਪਿਤਾ ਦੀ ਜਨਤਕ ਤੌਰ 'ਤੇ ਝਾੜ-ਝੰਬ ਕੀਤੀ ਸੀ। ਭਗਵੰਤ ਮਾਨ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਦੇ ਇਸ ਰਵੱਈਏ ਕਾਰਨ ਜਸਇੰਦਰ ਨੂੰ ਨੌਕਰੀ ਨਹੀਂ ਮਿਲ ਸਕੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨਿਰਧਾਰਤ ਮਾਪਦੰਡਾਂ ਅਨੁਸਾਰ ਜਸਇੰਦਰ ਨੂੰ ਨੌਕਰੀ ਦੇਵੇਗੀ। ਉਨ੍ਹਾ ਇਹ ਵੀ

● ਬਾਕੀ ਸਫ਼ਾ 2 'ਤੇ

ਐੱਸ ਡੀ ਓ ਤੇ ਲਾਈਨਮੈਨ ਕਾਬੂ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਵਿਜੀਲੈਂਸ ਬਿਊਰੋ ਨੇ ਬੁੱਧਵਾਰ ਪੀ ਐੱਸ ਪੀ ਸੀ ਐੱਲ ਫੋਕਲ ਪੁਆਇੰਟ ਡਵੀਜ਼ਨ ਲੁਧਿਆਣਾ ਵਿਖੇ ਤਾਇਨਾਤ ਇਕ ਸਬ-ਡਵੀਜ਼ਨਲ ਅਫਸਰ (ਐੱਸ ਡੀ ਓ) ਮੋਹਨ ਲਾਲ ਅਤੇ ਲਾਈਨਮੈਨ ਹਰਦੀਪ ਸਿੰਘ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਐੱਸ ਡੀ ਓ ਅਤੇ ਲਾਈਨਮੈਨ ਨੂੰ ਲੋਕੇਸ਼ ਮੋਦੀ, ਵਾਸੀ ਬਿੱਟੂ ਕਾਲੋਨੀ, ਤਾਜਪੁਰ ਰੋਡ, ਪਿੰਡ ਭਾਮੀਆਂ, ਲੁਧਿਆਣਾ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਐੱਸ ਡੀ ਓ ਅਤੇ ਲਾਈਨਮੈਨ ਨੇ ਉਸ ਦੀ ਫੈਕਟਰੀ 'ਜੀਵਨ ਸੰਨਜ਼' ਦਾ ਦੌਰਾ ਕਰਕੇ ਰਿਸ਼ਵਤ ਦੇਣ ਦੀ ਧਮਕੀ ਦਿੰਦਿਆਂ ਕਿਹਾ ਕਿ ਉਸ ਦੀ ਫੈਕਟਰੀ ਦਾ ਬਿਜਲੀ ਕੁਨੈਕਸ਼ਨ ਕੱਟ ਦੇਣਗੇ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੀ ਫੈਕਟਰੀ ਦਾ ਬਿਜਲੀ ਬਿੱਲ ਵਿੱਤੀ ਸਮੱਸਿਆ ਕਾਰਨ ਬਕਾਇਆ ਸੀ ਅਤੇ ਪ ੀ

● ਬਾਕੀ ਸਫ਼ਾ 2 'ਤੇ

ਖੁੱਡੀਆਂ ਤੇ ਬਲਕਾਰ ਸਿੰਘ ਨੂੰ ਵੱਡੇ ਮਹਿਕਮਿਆਂ ਨਾਲ ਨਿਵਾਜਿਆ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮੰਤਰੀ ਮੰਡਲ ਵਿਚ ਬੁੱਧਵਾਰ ਸ਼ਾਮਲ ਹੋਏ ਦੋ ਮੰਤਰੀਆਂ ਨੂੰ ਅਹਿਮ ਅਹੁਦਿਆਂ ਨਾਲ ਨਿਵਾਜਿਆ ਗਿਆ। ਗਵਰਨਰ ਬਨਵਾਰੀ ਲਾਲ ਪੁਰੋਹਿਤ ਨੇ ਗੁਰਮੀਤ ਸਿੰਘ ਖੁੱਡੀਆਂ ਅਤੇ ਬਲਕਾਰ ਸਿੰਘ ਨੂੰ ਨਵੇਂ ਮੰਤਰੀਆਂ ਵਜੋਂ ਸਹੁੰ ਚੁਕਾਈ। 60 ਸਾਲਾ ਖੁੱਡੀਆਂ ਮੁਕਤਸਰ ਦੀ ਲੰਬੀ ਸੀਟ ਤੋਂ ਵਿਧਾਇਕ ਹਨ।

ਉਨ੍ਹਾ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਪੰਜ ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 11,396 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਉਨ੍ਹਾ ਨੂੰ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਮਹਿਕਮਿਆਂ ਤੋਂ ਇਲਾਵਾ ਫੂਡ ਪ੍ਰੋਸੈਸਿੰਗ ਵਿਭਾਗ ਦਿੱਤਾ ਗਿਆ ਹੈ। 60 ਸਾਲਾ ਬਲਕਾਰ ਸਿੰਘ ਜਲੰਧਰ ਦੀ ਕਰਤਾਰਪੁਰ ਰਾਖਵੀਂ ਸੀਟ ਤੋਂ ਵਿਧਾਇਕ ਹਨ। ਉਹ ਸਾਬਕਾ ਪੁਲਸ ਅਧਿਕਾਰੀ ਹਨ ਤੇ ਸੇਵਾਮੁਕਤ ਹੋਣ ਤੋਂ ਬਾਅਦ 2021 'ਚ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਸਨ। ਉਹ ਪਹਿਲੀ ਵਾਰ ਵਿਧਾਇਕ ਬਣੇ ਹਨ। ਉਨ੍ਹਾ ਨੂੰ ਸਥਾਨਕ ਸਰਕਾਰਾਂ ਤੇ ਸੰਸਦੀ ਮਾਮਲਿਆਂ ਬਾਰੇ ਵਿਭਾਗ ਦਿੱਤੇ ਗਏ ਹਨ।

ਖੁੱਡੀਆਂ ਨੂੰ ਮਿਲਿਆ ਖੇਤੀ ਮੰਤਰਾਲਾ ਪਹਿਲਾਂ ਕੁਲਦੀਪ ਸਿੰਘ ਧਾਲੀਵਾਲ ਕੋਲ ਸੀ। ਧਾਲੀਵਾਲ ਤੋਂ ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਮੰਤਰਾਲਾ ਵੀ ਲੈ ਕੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਦੇ ਦਿੱਤਾ ਗਿਆ ਹੈ। ਧਾਲੀਵਾਲ ਕੋਲ ਹੁਣ ਐੱਨ ਆਰ ਆਈ ਮਾਮਲੇ ਤੇ ਪ੍ਰਸ਼ਾਸਨਕ ਸੁਧਾਰ ਮੰਤਰਾਲੇ ਰਹਿ ਗਏ ਹਨ।

ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਵਾਟਰ ਰਿਸੋਰਸ, ਮਾਈਨਿੰਗ, ਸਾਇੰਸ ਐਂਡ ਟੈਕਨਾਲੋਜੀ ਤੇ ਇਨਵਾਇਰਨਮੈਂਟ ਅਤੇ ਲੈਂਡ ਤੇ ਵਾਟਰ ਕੰਜ਼ਰਵੇਸ਼ਨ ਦੇ ਮਹਿਕਮੇ ਵੀ ਦਿੱਤੇ ਗਏ ਹਨ।

ਸਥਾਨਕ ਸਰਕਾਰਾਂ ਦਾ ਵਿਭਾਗ ਡਾ. ਇੰਦਰਜੀਤ ਨਿੱਜਰ ਵੱਲੋਂ ਅਸਤੀਫਾ ਦੇਣ ਕਾਰਨ ਖਾਲੀ ਹੋਇਆ ਸੀ। 14 ਮਹੀਨੇ ਪੁਰਾਣੀ ਮਾਨ ਦੀ ਸਰਕਾਰ ਦਾ ਇਹ ਤੀਜਾ ਮੰਤਰੀ ਮੰਡਲ ਵਿਸਥਾਰ ਸੀ।

ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਕਾਮ, ਤਿੰਨ ਗ੍ਰਿਫ਼ਤਾਰ

ਜੰਮੂ : ਪੁਣਛ ਜ਼ਿਲ੍ਹੇ ਵਿਚ ਕੰਟਰੋਲ ਰੇਖਾ ਦੇ ਨਾਲ ਲੱਗਦੀ ਸਰਹੱਦੀ ਵਾੜ ਦੇ ਨੇੜੇ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਵੱਡੀ ਕੋਸ਼ਿਸ਼ ਨੂੰ ਨਾਕਾਮ ਕਰਦਿਆਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕਰਮਾਰਾ ਪਿੰਡ 'ਚ ਬੁੱਧਵਾਰ ਤੜਕੇ ਹੋਈ ਗੋਲੀਬਾਰੀ 'ਚ ਫੌਜ ਦਾ ਇਕ ਜਵਾਨ ਅਤੇ ਗ੍ਰਿਫਤਾਰ ਮੁਲਜ਼ਮਾਂ 'ਚੋਂ ਇਕ ਜ਼ਖਮੀ ਹੋ ਗਿਆ। ਜਵਾਨਾਂ ਨੇ ਸ਼ੱਕੀ ਹਰਕਤ ਦਾ ਪਤਾ ਲੱਗਣ 'ਤੇ ਲੋਕਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਗੋਲੀਬਾਰੀ ਸ਼ੁਰੂ ਹੋ ਗਈ। ਫੜੇ ਮੁਲਜ਼ਮਾਂ ਦੀ ਪਛਾਣ ਮੁਹੰਮਦ ਫਾਰੂਕ (26), ਮੁਹੰਮਦ ਰਿਆਜ਼ (23) ਅਤੇ ਮੁਹੰਮਦ ਜ਼ੁਬੈਰ (22) ਪਿੰਡ ਕਰਮਾਰਾ ਵਜੋਂ ਹੋਈ ਹੈ। ਮੁਹੰਮਦ ਫਾਰੂਕ ਦੇ ਪੈਰ 'ਚ ਗੋਲੀ ਲੱਗੀ ਹੈ। ਫੜੇ ਵਿਅਕਤੀਆਂ ਕੋਲੋਂ ਇੱਕ ਏ ਕੇ ਰਾਈਫਲ, ਦੋ ਪਿਸਤੌਲ, ਛੇ ਗ੍ਰਨੇਡ, ਪ੍ਰੈਸ਼ਰ ਕੁਕਰ ਵਿੱਚ ਰੱਖੀ ਆਈ ਈ ਡੀ (ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ) ਅਤੇ ਹੈਰੋਇਨ ਦੇ 20 ਪੈਕਟ ਬਰਾਮਦ ਕੀਤੇ ਗਏ ਹਨ।

ਮੋਦੀ ਤਾਂ ਰੱਬ ਨੂੰ ਵੀ ਪੜ੍ਹਾ ਦੇਣ : ਰਾਹੁਲ

ਸਾਨ ਫਰਾਂਸਿਸਕੋ : ਰਾਹੁਲ ਗਾਂਧੀ ਨੇ ਅਮਰੀਕਾ ਦੌਰੇ ਦੌਰਾਨ ਪਹਿਲੇ ਪ੍ਰੋਗਰਾਮ 'ਮੁਹੱਬਤ ਕੀ ਦੁਕਾਨ' ਵਿਚ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਕਿਹਾ—ਦੁਨੀਆ ਏਨੀ ਵੱਡੀ ਹੈ ਕਿ ਕੋਈ ਇਹ ਨਹੀਂ ਕਹਿ ਸਕਦਾ ਕਿ ਉਹ ਸਭ ਕੁਝ ਜਾਣਦਾ ਹੈ। ਇਹ ਇੱਕ ਬਿਮਾਰੀ ਹੈ ਕਿ ਕੁਝ ਲੋਕਾਂ ਦਾ ਗਰੁੱਪ ਹੈ, ਜਿਹੜੇ ਇਹ ਮੰਨਦੇ ਹਨ ਕਿ ਉਨ੍ਹਾਂ ਨੂੰ ਸਭ ਕੁਝ ਪਤਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਰੱਬ ਨਾਲੋਂ ਵੀ ਵੱਧ ਜਾਣਦੇ ਹਨ। ਉਹ ਰੱਬ ਦੇ ਨਾਲ ਬੈਠ ਕੇ ਉਸ ਨੂੰ ਦੱਸ ਸਕਦੇ ਹਨ ਕਿ ਕੀ ਚੱਲ ਰਿਹਾ ਹੈ। ਸਾਡੇ ਪ੍ਰਧਾਨ ਮੰਤਰੀ ਸਾਹਿਬ ਅਜਿਹੀ ਇਕ ਮਿਸਾਲ ਹਨ। ਮੈਨੂੰ ਲੱਗਦਾ ਹੈ ਕਿ ਜੇ ਮੋਦੀ ਜੀ ਨੂੰ ਰੱਬ ਦੇ ਬਗਲ 'ਚ ਬਿਠਾ ਦਿੱਤਾ ਜਾਵੇ ਤਾਂ ਉਹ ਰੱਬ ਨੂੰ ਦੱਸਣਾ ਸ਼ੁਰੂ ਕਰ ਦੇਣਗੇ ਕਿ ਦੁਨੀਆ ਕਿਵੇਂ ਚਲਦੀ ਹੈ। ਰੱਬ ਵੀ ਹੈਰਾਨ ਹੋ ਜਾਣਗੇ ਕਿ ਮੈਂ ਕੀ ਬਣਾ ਦਿੱਤਾ।

ਰਾਹੁਲ ਨੇ ਅੱਗੇ ਕਿਹਾ—ਭਾਰਤ ਵਿਚ ਕੁਝ ਲੋਕ ਵਿਗਿਆਨੀਆਂ ਨੂੰ ਸਿਖਾ ਸਕਦੇ ਹਨ। ਇਤਿਹਾਸਕਾਰਾਂ ਨੂੰ ਹਿਸਟਰੀ ਸਿਖਾ ਸਕਦੇ ਹਨ। ਫੌਜ ਨੂੰ ਜੰਗ ਲੜਨੀ ਤੇ ਏਅਰ ਫੋਰਸ ਨੂੰ ਉਡਣਾ ਸਿਖਾ ਸਕਦੇ ਹਨ। ਹਕੀਕਤ ਇਹ ਹੈ ਕਿ ਉਨ੍ਹਾਂ ਨੂੰ ਕੁਝ ਵੀ ਸਮਝ ਨਹੀਂ ਹੈ। ਜ਼ਿੰਦਗੀ ਵਿਚ ਤੁਸੀਂ ਕੁਝ ਵੀ ਨਹੀਂ ਸਿਖ ਸਕਦੇ, ਜਦੋਂ ਤੱਕ ਤੁਸੀਂ ਸੁਣਨ ਦੀ ਆਦਤ ਨਹੀਂ ਪਾਉਂਦੇ।

ਰਾਹੁਲ ਨੇ ਕਿਹਾ—ਭਾਰਤ ਕਦੇ ਵੀ ਕਿਸੇ ਵੀ ਵਿਚਾਰ ਨੂੰ ਦਰਕਿਨਾਰ ਨਹੀਂ ਕਰਦਾ। ਜੋ ਵੀ ਭਾਰਤ ਆਉਂਦਾ ਹੈ, ਉਸ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਜਾਂਦਾ ਹੈ ਤੇ ਉਸ ਦੇ ਵਿਚਾਰਾਂ ਨੂੰ ਅਸੀਂ ਆਤਮਸਾਤ ਕਰਦੇ ਹਾਂ। ਇਸੇ ਭਾਰਤ ਦੀ ਤੁਸੀਂ ਨੁਮਾਇੰਦਗੀ ਕਰਦੇ ਹੋ। ਜੇ ਤੁਸੀਂ ਗੁੱਸੇ, ਨਫਰਤ ਤੇ ਘਮੰਡ ਵਿਚ ਭਰੋਸੇ ਕਰਦੇ ਹੋ ਤਾਂ ਤੁਹਾਨੂੰ ਭਾਜਪਾ ਦੀ ਮੀਟਿੰਗ ਵਿਚ ਬੈਠਣਾ ਚਾਹੀਦਾ ਹੈ।

ਰਾਹੁਲ ਗਾਂਧੀ ਨੇ ਸੱਤਾਧਾਰੀ ਭਾਜਪਾ 'ਤੇ ਲੋਕਾਂ ਨੂੰ ਧਮਕਾਉਣ ਅਤੇ ਦੇਸ਼ ਦੀਆਂ ਏਜੰਸੀਆਂ ਦੀ ਦੁਰਵਰਤੋਂ ਕਰਨ ਦੇ ਦੋਸ਼ ਲਾਏ।

ਕੈਲੀਫੋਰਨੀਆ ਦੇ ਸੈਂਟਾ ਕਲਾਰਾ 'ਚ ਸਮਾਗਮ ਦੌਰਾਨ ਉਨ੍ਹਾ ਕਿਹਾ ਕਿ ਭਾਜਪਾ ਅਤੇ ਆਰ ਐੱਸ ਐੱਸ ਭਾਰਤ 'ਚ ਰਾਜਨੀਤੀ ਦੇ ਸਾਰੇ ਸਾਧਨਾਂ ਨੂੰ ਕੰਟਰੋਲ ਕਰ ਰਹੇ ਹਨ। ਪ੍ਰੋਗਰਾਮ ਦੌਰਾਨ ਕੁਝ ਖਾਲਿਸਤਾਨ ਹਮਾਇਤੀਆਂ ਨੇ ਭਾਰਤ, ਕਾਂਗਰਸ ਤੇ ਇੰਦਰਾ ਗਾਂਧੀ ਵਿਰੁੱਧ ਨਾਅਰੇਬਾਜ਼ੀ ਕੀਤੀ ਤੇ ਖਾਲਿਸਤਾਨ ਦੇ ਝੰਡੇ ਲਹਿਰਾਏ। ਰਾਹੁਲ ਨੂੰ ਕਾਫੀ ਦੇਰ ਤੱਕ ਭਾਸ਼ਣ ਰੋਕਣਾ ਪਿਆ। ਬਾਅਦ ਵਿਚ ਪੁਲਸ ਨੇ ਖਾਲਿਸਤਾਨ ਹਮਾਇਤੀਆਂ ਨੂੰ ਹਾਲ ਵਿੱਚੋਂ ਬਾਹਰ ਕੱਢ ਦਿੱਤਾ। ਇਸ ਦੌਰਾਨ ਨਵੀਂ ਦਿੱਲੀ 'ਚ ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਵਿਦੇਸ਼ ਦੌਰੇ ਮੌਕੇ ਭਾਰਤ ਨੂੰ ਬਦਨਾਮ ਕਰਨਾ ਆਦਤ ਬਣ ਗਈ ਹੈ।

ਆਮ ਬਦਲੀਆਂ 15 ਜੂਨ ਤੱਕ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਸਰਕਾਰ ਨੇ ਸੂਬੇ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਦੀਆਂ ਆਮ ਬਦਲੀਆਂ ਅਤੇ ਤਾਇਨਾਤੀਆਂ ਦਾ ਸਮਾਂ 15 ਜੂਨ ਤੱਕ ਵਧਾ ਦਿੱਤਾ ਹੈ। ਪੰਜਾਬ ਸਰਕਾਰ ਦੇ ਬੁਲਾਰੇ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਦੇ ਵੱਖ-ਵੱਖ ਵਿਭਾਗਾਂ ਤੇ ਅਦਾਰਿਆਂ ਵਿੱਚ ਸੇਵਾ ਨਿਭਾ ਰਹੇ ਕਰਮਚਾਰੀਆਂ ਤੇ ਅਧਿਕਾਰੀਆਂ ਦੀਆਂ ਆਮ ਬਦਲੀਆਂ ਦੀ ਸਮਾਂ-ਸੀਮਾ 10 ਅਪਰੈਲ ਤੋਂ 31 ਮਈ ਤੱਕ ਸੀ। ਹੁਣ ਇਸ ਵਿਚ 15 ਜੂਨ, ਤੱਕ ਹੋਰ ਵਾਧਾ ਕੀਤਾ ਗਿਆ ਹੈ। 15 ਜੂਨ ਤੋਂ ਬਾਅਦ ਆਮ ਬਦਲੀਆਂ 'ਤੇ ਸੰਪੂਰਨ ਤੌਰ 'ਤੇ ਰੋਕ ਹੋਵੇਗੀ ਅਤੇ ਸਿਰਫ ਤਰੱਕੀ ਜਾਂ ਸ਼ਿਕਾਇਤ ਦੇ ਮੱਦੇਨਜ਼ਰ ਹੀ ਬਦਲੀ ਸੰਭਵ ਹੋਵੇਗੀ।

83 ਸਾਲ ਦੀ ਉਮਰ 'ਚ ਬਾਪ ਬਣਨਗੇ ਅਲ ਪਚੀਨੋ

ਨਿਊ ਯਾਰਕ : ਹਾਲੀਵੁੱਡ ਦੇ ਮਹਾਨ ਅਦਾਕਾਰ ਅਲ ਪਚੀਨੋ 83 ਸਾਲ ਦੀ ਉਮਰ 'ਚ ਚੌਥੀ ਵਾਰ ਪਿਤਾ ਬਣ ਰਹੇ ਹਨ। ਅਲ ਪਚੀਨੋ ਅਤੇ ਉਸ ਦੀ 8 ਮਹੀਨੇ ਦੀ ਗਰਭਵਤੀ ਪ੍ਰੇਮਿਕਾ ਨੂਰ ਅਲਫੱਲ੍ਹਾ ਬੱਚੇ ਦੇ ਸਵਾਗਤ ਲਈ ਤਿਆਰ ਹਨ। ਨੂਰ ਅੱਠ ਮਹੀਨੇ ਦੀ ਗਰਭਵਤੀ ਹੈ। ਪਚੀਨੋ ਆਪਣੀ ਸਾਬਕਾ ਪ੍ਰੇਮਿਕਾ ਅਤੇ ਐਕਟਿੰਗ ਕੋਚ ਜੌਨ ਟਾਰੈਂਟ ਤੋਂ ਪੈਦਾ ਹੋਈ 33 ਸਾਲਾ ਬੇਟੀ ਜੂਲੀ ਮੈਰੀ ਦੇ ਪਿਤਾ ਹਨ। ਉਹ ਸਾਬਕਾ ਪ੍ਰੇਮਿਕਾ ਬੇਵਰਲੀ ਡੀ'ਐਂਜੇਲੋ ਦੇ ਨਾਲ ਜੁੜਵਾਂ ਬੱਚਿਆਂ 22 ਸਾਲਾ ਐਂਟੋਨ ਅਤੇ ਓਲੀਵੀਆ ਦੇ ਪਿਤਾ ਵੀ ਹਨ।

30 ਕਰੋੜ ਦਾਜ ਮੰਗਣ ਦਾ ਦੋਸ਼

ਲਖਨਊ : ਇੱਥੋਂ ਦੇ ਉੱਘੇ ਕਾਰੋਬਾਰੀ ਦੀ ਧੀ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਪਤੀ, ਸੱਸ ਅਤੇ ਹੋਰ ਰਿਸ਼ਤੇਦਾਰ ਉਸ ਨੂੰ ਤੰਗ-ਪ੍ਰੇਸ਼ਾਨ ਕਰ ਰਹੇ ਸਨ ਅਤੇ 30 ਕਰੋੜ ਰੁਪਏ

1-JUNE-PAGE-1.qxd 5/31/2023 9:33 PM Page 2

ਜਾਲ੍ਹੀ ਐੱਸ ਸੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਲੈਣ ਵਾਲਿਆਂ ਦੀਆਂ ਪ੍ਰਾਪਰਟੀਆਂ ਹੋਣ ਜ਼ਬਤ : ਮਾਂਗੇ ਰਾਮ

ਸੰਗਰੂਰ (ਪ੍ਰਵੀਨ ਸਿੰਘ)-ਰਿਜ਼ਰਵੇਸ਼ਨ ਚੋਰ ਫੜੋ ਮੋਰਚਾ ਪੰਜਾਬ ਜ਼ਿਲ੍ਹਾ ਸੰਗਰੂਰ ਵੱਲੋਂ ਸਮਾਜ ਦੇ ਨਾਂ 'ਤੇ ਜਾਲ੍ਹੀ ਜਾਤੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਲੈਣ ਵਾਲਿਆਂ ਨੂੰ ਸਜ਼ਾ ਦਿਵਾਉਣ ਲਈ ਇੱਕ ਦਿਨ ਲਈ ਭੁੱਖ ਹੜਤਾਲ ਕੀਤੀ ਗਈ। ਇਸ ਮੌਕੇ ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਉੱਚ ਜਾਤੀ ਦੇ ਸ਼ਾਤਰ ਦਿਮਾਗ ਵਿਅਕਤੀਆਂ ਵੱਲੋਂ ਮੌਕੇ ਦੇ ਅਫਸਰਾਂ ਨਾਲ ਮਿਲ ਕੇ ਜਾਲ੍ਹੀ ਜਾਤੀ ਸਰਟੀਫਿਕੇਟ ਬਣਾ ਕੇ ਵੱਖ ਵੱਖ ਵਿਭਾਗਾਂ ਵਿੱਚ ਨੌਕਰੀਆਂ ਕੀਤੀਆਂ ਜਾ ਰਹੀਆਂ ਹਨ। ਸਮਾਜ ਦੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ, ਜੋ ਕੇ ਜੱਗ ਜ਼ਾਹਰ ਹੋ ਗਿਆ ਹੈ, ਪ੍ਰੰਤੂ ਪੰਜਾਬ ਸਰਕਾਰ ਵੱਲੋਂ ਅੱਜ ਤੱਕ ਕੋਈ ਵੀ ਗ੍ਰਿਫਤਾਰੀ ਨਹੀਂ ਹੋਈ, ਸਿਰਫ ਇਹ ਕਹਿ ਕੇ ਹੀ ਡੰਗ ਟਪਾਊ ਕੰਮ ਕੀਤਾ ਜਾ ਰਿਹਾ ਹੈ ਕਿ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਜ ਦੀ ਭੁੱਖ ਹੜਤਾਲ ਦਾ ਮੁੱਖ ਮੰਤਵ ਉਨ੍ਹਾਂ ਸ਼ਾਤਰ ਦਿਮਾਗ ਵਿਅਕਤੀਆਂ ਨੂੰ ਸਜ਼ਾ ਦਿਵਾਉਣ ਦੀ ਕੜੀ ਦਾ ਹਿੱਸਾ ਹੈ, ਜੇਕਰ ਸਰਕਾਰ ਨੇ ਜਲਦ ਕਾਰਵਾਈ ਨਾ ਕੀਤੀ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਭੁੱਖ ਹੜਤਾਲ ਵਿੱਚ ਹੋਰਨਾਂ ਤੋਂ ਇਲਾਵਾ ਵਰਿਆਮ ਸਿੰਘ ਚੰਦੜ ਥਲੇਸਾ, ਚਰਨਜੀਤ ਸਿੰਘ ਨਾਢਰੀਆ, ਜਗਸੀਰ ਸਿੰਘ ਖੇੜੀ ਚੰਦਵਾ, ਨਿਰਭੈ ਸਿੰਘ ਛੰਨਾਂ, ਨਿਰਮਲ ਸਿੰਘ ਦੁੱਗਾ, ਕਰਨੈਲ ਸਿੰਘ ਨੀਲੋਵਾਲ, ਅਮਰ ਸਿੰਘ ਘਾਬਦਾਂ, ਰਾਜਿੰਦਰ ਸਿੰਘ ਸੁਨਾਮ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ।

ਸਪੀਕਰ ਸੰਧਵਾਂ ਨੇ ਸ਼ਹੀਦ ਦੀ ਯਾਦ 'ਚ ਗੇਟ ਦਾ ਨੀਂਹ ਪੱਥਰ ਰੱਖਿਆ

ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)-ਪੰਜਾਬ ਵਿਧਾਨ ਸਭਾ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਢੀਮਾਂਵਾਲੀ ਵਿਖੇ ਸ਼ਹੀਦ ਦੀ ਯਾਦ ਨੂੰ ਸਮਰਪਤ ਯਾਦਗਾਰੀ ਗੇਟ ਦਾ ਨੀਂਹ ਪੱਥਰ ਰੱਖਿਆ। ਇਸ ਦੌਰਾਨ ਸਪੀਕਰ ਸੰਧਵਾਂ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹਨ। ਪੰਜਾਬ ਸਰਕਾਰ ਸ਼ਹੀਦਾਂ ਦੀ ਦਿੱਤੀ ਕੁਰਬਾਨੀ ਨੂੰ ਕਦੇ ਨਹੀਂ ਭੁੱਲ ਸਕਦੀ ਤੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਇਸ ਯਾਦਗਾਰੀ ਗੇਟ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਿੰਡ ਢੀਮਾਂਵਾਲੀ ਵਿਖੇ ਸ਼ਹੀਦ ਜਸਵੰਤ ਸਿੰਘ ਹੌਲਦਾਰ ਦੀ ਯਾਦ ਵਿੱਚ ਯਾਦਗਾਰੀ ਗੇਟ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਸ ਮੌਕੇ ਬੀ.ਡੀ.ਪੀ.ਓ. ਅਭਿਨਵ ਗੋਇਲ, ਪੀ.ਆਰ.ਓ. ਟੂ ਸਪੀਕਰ ਮਨਪ੍ਰੀਤ ਸਿੰਘ ਧਾਲੀਵਾਲ, ਮੇਜਰ ਸਿੰਘ, ਇਕਬਾਲ ਸਿੰਘ ਸਤਨਾਮ ਸਿੰਘ, ਮਨਜੀਤ ਸਿੰਘ, ਨਿਰਮਲ ਸਿੰਘ ਖਾਲਸਾ, ਗੁਰਜੀਤ ਕੌਰ ਤੋਂ ਇਲਾਵਾ ਹੋਰ ਹਾਜ਼ਰ ਸਨ।

ਵਾਈ ਐਸ ਪਬਲਿਕ ਸੀਨੀ: ਸੈਕੰ: ਸਕੂਲ ਦਾ ਨਤੀਜਾ 100 ਫੀਸਦੀ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਮਾਰਚ 2023 ਦਾ ਨਤੀਜਾ ਸੌ ਫ਼ੀਸਦੀ ਰਿਹਾ, ਜਿਸ ਵਿੱਚ ਕੋਮਲਦੀਪ ਕੌਰ ਸਪੁੱਤਰੀ ਗੁਰਵਿੰਦਰ ਸਿੰਘ ਨੇ 563/650 ਅੰਕ ਹਾਸਲ ਕਰਕੇ ਪਹਿਲਾ, ਏਕਮਦੀਪ ਸਿੰਘ ਸਪੁੱਤਰ ਜਸਕਰਨ ਸਿੰਘ ਨੇ 552/650 ਅੰਕ ਹਾਸਲ ਕਰਕੇ ਦੂਜਾ ਸਥਾਨ ਤੇ ਅਰਮਾਨਦੀਪ ਸਿੰਘ ਸਪੁੱਤਰ ਗੁਰਵਿੰਦਰ ਸਿੰਘ ਨੇ 540/650 ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਨੂੰ ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ ਨੇ ਐਵਾਰਡ ਦੇ ਕੇ ਸਨਮਾਨਤ ਕੀਤਾ ਅਤੇ ਮੂੰਹ ਮਿੱਠਾ ਕਰਾਇਆ।

ਮਾਤਾ ਦਰਸ਼ਨਾ ਦੇਵੀ ਦੀ ਯਾਦ 'ਚ ਮੈਡੀਕਲ ਚੈੱਕਅਪ ਕੈਂਪ

ਸੰਗਰੂਰ (ਪ੍ਰਵੀਨ ਸਿੰਘ)-ਬਾਂਸਲ'ਜ਼ ਗਰੁੱਪ ਸੂਲਰ ਘਰਾਟ ਵੱਲੋਂ ਮਾਤਾ ਦਰਸ਼ਨਾ ਦੇਵੀ ਦੀ ਯਾਦ ਵਿੱਚ ਮੈਡੀਕਲ ਚੈੱਕਅਪ ਕੈਂਪ ਬਾਬਾ ਬੈਰਸੀਆਣਾ ਸਾਹਿਬ ਚੈਰੀਟੇਬਲ ਹਸਪਤਾਲ ਦਿੜ੍ਹਬਾ ਵਿਖੇ ਡਾ. ਕਿਰਪਾਲ ਸਿੰਘ ਐੱਸ ਐੱਮ ਓ ਦੀ ਅਗਵਾਈ 'ਚ ਲਾਇਆ ਗਿਆ। ਇਸ ਕੈਂਪ ਦੌਰਾਨ ਡਾ. ਐੱਸ ਕੇ ਗੋਇਲ, ਡਾ. ਗੌਰਵ ਬਾਠਲਾ, ਡਾ. ਹਿਮਾਂਗ ਅਗਰਵਾਲ ਅੱਖਾਂ ਦੇ ਮਾਹਰ, ਅਭਿਸ਼ੇਕ ਬਾਂਸਲ, ਡਾ. ਵੰਦਿਨਾ ਪਾਹਵਾ, ਡਾ. ਤਰੁਣ ਆਹੂਜਾ, ਰੁਚਿਕਾ ਗੋਇਲ ਆਦਿ 14 ਵੱਖ ਵੱਖ ਡਾਕਟਰਾਂ ਵੱਲੋਂ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਮਰੀਜ਼ਾਂ ਨੂੰ ਚੈੱਕ ਕੀਤਾ ਗਿਆ। ਇਸ ਕੈਂਪ ਵਿੱਚ ਲਗਭਗ 1150 ਮਰੀਜ਼ਾਂ ਨੂੰ ਚੈੱਕਅੱਪ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦੌਰਾਨ ਹੋਮੀ ਭਾਬਾ ਕੈਂਸਰ ਹਸਪਤਾਲ ਸੰਗਰੂਰ ਦੀ ਟੀਮ ਵੱਲੋਂ ਕੈਂਸਰ ਨਾਲ ਸਬੰਧਤ ਮਰੀਜ਼ਾਂ ਨੂੰ ਚੈੱਕਅਪ ਕਰਨ ਦੇ ਨਾਲ ਨਾਲ ਜਾਗਰੂਕ ਵੀ ਕੀਤਾ ਗਿਆ। ਕੈਂਪ ਦੌਰਾਨ ਕੈਲਸ਼ੀਅਮ, ਦਰਦਾਂ ਨਾਲ ਸਬੰਧਤ ਟੈਸਟ, ਸ਼ੂਗਰ ਤੇ ਈ ਸੀ ਜੀ ਆਦਿ ਟੈਸਟ ਮੁਫਤ ਕੀਤੇ ਗਏ। ਅੱਖਾਂ ਦੇ 15 ਮਰੀਜ਼ਾਂ ਨੂੰ ਲੈਂਜ਼ ਫ੍ਰੀ 'ਚ ਪਾਏ ਗਏ। ਇਸ ਮੌਕੇ ਬਾਂਸਲ'ਜ਼ ਗਰੁੱਪ ਸੂਲਰ ਘਰਾਟ ਦੇ ਐੱਮ ਡੀ ਸੰਜੀਵ ਬਾਂਸਲ ਨੇ ਕਿਹਾ ਕਿ ਇਹ ਕੈਂਪ ਉਨ੍ਹਾਂ ਦੀ ਮਾਤਾ ਦੀ 10ਵੀਂ ਬਰਸੀ ਨੂੰ ਸਮਰਪਤ ਹੈ। ਉਨ੍ਹਾਂ ਕੈਂਪ 'ਚ ਆਏ ਸਾਰੇ ਮਰੀਜ਼ਾਂ, ਡਾਕਟਰਾਂ ਦਾ ਸਵਾਗਤ ਕਰਦੇ ਕਿਹਾ ਕਿ ਸਾਡੇ ਪਰਿਵਾਰ ਦੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਸਮਾਜ ਸੇਵਾ ਦੇ ਜ਼ਰੀਏ ਉਨ੍ਹਾਂ ਦੀ ਮਾਤਾ ਦਰਸ਼ਨਾ ਦੇਵੀ ਦਾ ਨਾਮ ਹਮੇਸ਼ਾ ਯਾਦ ਰੱਖਿਆ ਜਾਵੇ। ਉਨ੍ਹਾਂ ਟਰੱਸਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਗੇ ਤੋਂ ਵੀ ਉਨ੍ਹਾਂ ਦਾ ਪਰਿਵਾਰ ਕਿਸੇ ਵੀ ਸਮਾਜਿਕ ਕਾਰਜ ਲਈ ਹਮੇਸ਼ਾ ਉਨ੍ਹਾਂ ਨਾਲ ਹੈ।

ਸਫਾਈ ਸੇਵਕ ਯੂਨੀਅਨ ਦੇ ਦਲੀਪ ਕੁਮਾਰ ਪ੍ਰਧਾਨ ਬਣੇ

ਬਾਘਾਪੁਰਾਣਾ (ਮਨੀ ਸਿੰਗਲਾ)-ਸਫਾਈ ਸੇਵਕ ਯੂਨੀਅਨ ਬਾਘਾ ਪੁਰਾਣਾ ਦੀ ਨਵੀਂ ਚੋਣ ਪੰਜਾਬ ਸਫਾਈ ਸੇਵਕ ਯੂਨੀਅਨ ਦੇ ਸਲਾਹਕਾਰ ਮਾਤਾਦੀਨ ਅਤੇ ਸਾਬਕਾ ਮੇਟ ਮੋਤੀ ਰਾਮ ਅਚਾਰੀਆ ਅਤੇ ਜ਼ਿਲ੍ਹੇ ਦਾ ਜਨਰਲ ਸੈਕਟਰੀ ਸੋਭ ਰਾਜ ਦੀ ਦੇਖ-ਰੇਖ ਹੇਠ ਹੋਈ ਜਿਸ ਵਿਚ ਪੱਕੇ ਅਤੇ ਕੰਟੈਰਕਟ ਬੇਸ, ਡੋਰ ਟੂ ਡੋਰ ਅਤੇ ਵੱਡੀ ਗਿਣਤੀ ਵਿਚ ਸਫਾਈ ਕਰਮਚਾਰੀ ਸ਼ਾਮਲ ਹੋਏ। ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਦਲੀਪ ਕੁਮਾਰ ਨੂੰ ਪ੍ਰਧਾਨ ਚੁਣ ਲਿਆ ਗਿਆ। ਜਿਸ ਵਿੱਚ ਮੀਤ ਪ੍ਰਧਾਨ ਕੈਲਾਸ਼ ਕੁਮਾਰ, ਜਨਰਲ ਸੈਕਟਰੀ ਮੰਗਲ ਦਾਸ ਕਰੋਤੀਆ, ਕੈਸ਼ੀਅਰ ਮਦਨ ਕੁਮਾਰ, ਪ੍ਰੈਸ ਸਕੱਤਰ ਅਕਾਸ਼ ਕੁਮਾਰ, ਸਟੇਜ ਸੈਕਟਰੀ ਸੁੰਦਰ ਪਾਲ ਬੱਬੂ, ਮੈਂਬਰ ਰਾਮ ਬਾਬੂ, ਕਾਲਾ ਰਾਮ, ਕਾਂਤਾ ਦੇਵੀ, ਰਾਣੀ, ਸੰਜੂ, ਗੁਲਰਾਜ, ਲਵਲੀ ਚੁਣੇ ਗਏ। ਇਸ ਮੌਕੇ ਕਾਂਤਾ ਦੇਵੀ, ਅਜੇ, ਚੌਧਰੀ ਰਾਜ ਕੁਮਾਰ, ਰਾਜੂ, ਕੁਲਦੇਵ, ਕਾਲਾ ਰਾਮ, ਰਾਕੇਸ਼, ਪ੍ਰਵੀਨ, ਜਤਿੰਦਰ, ਸੰਦੀਪ, ਰਜਿਤ, ਅਸ਼ੋਕ, ਅਮਨਦੀਪ ਅਤੇ ਹੋਰ ਸ਼ਾਮਲ ਸਨ। ਪੰਜਾਬ ਸਲਾਹਕਾਰ ਮਾਤਾਦੀਨ, ਮੋਤੀ ਰਾਮ, ਸੋਭ ਰਾਜ ਨੇ ਨਵੀਂ ਚੁਣੀ ਹੋਈ ਕਮੇਟੀ ਨੂੰ ਵਧਾਈ ਦਿੱਤੀ।

ਸਿਵਲ ਹਸਪਤਾਲ ਨਾਭਾ ਵਿਖੇ ਮਨਾਇਆ ਵਿਸ਼ਵ ਤੰਬਾਕੂ ਰਹਿਤ ਦਿਵਸ

ਨਾਭਾ (ਵਰਿੰਦਰ ਵਰਮਾ)-ਸਿਵਲ ਸਰਜਨ ਪਟਿਆਲਾ ਡਾ. ਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਸੰਜੇ ਗੋਇਲ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਨਾਭਾ ਦੀ ਅਗਵਾਈ ਵਿੱਚ "ਵਿਸ਼ਵ ਤੰਬਾਕੂ ਰਹਿਤ ਦਿਵਸ" ਮਨਾਇਆ ਗਿਆ। ਇਸ ਮੌਕੇ ਐਸ ਐਮ ਓ ਡਾ. ਸੰਜੇ ਗੋਇਲ ਨੇ ਕਿਹਾ ਕਿ ਵਿਸ਼ਵ ਵਿੱਚ ਤੰਬਾਕੂ ਦੀ ਵਰਤੋਂ ਨਾਲ ਹਰ ਸਾਲ ਲਗਭਗ 70 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਜਾਂਦੀ ਹੈ। ਜੇਕਰ ਤੰਬਾਕੂ ਦੀ ਵਰਤੋਂ ਇਸੇ ਰਫਤਾਰ ਨਾਲ ਜਾਰੀ ਰਹੀ ਤਾਂ ਇਹ ਗਿਣਤੀ 2030 ਤੱਕ ਵਧ ਕੇ 80 ਲੱਖ ਤੱਕ ਪਹੁੰਚ ਸਕਦੀ ਹੈ। ਉਨ੍ਹਾਂ ਕਿਹਾ ਕਿ ਤੰਬਾਕੂ ਸਿਰਫ ਪੀਣ ਵਾਲਿਆਂ ਨੂੰ ਹੀ ਨੁਕਸਾਨ ਨਹੀਂ ਪਹੁੰਚਾਉਂਦਾ ਸਗੋਂ ਤੰਬਾਕੂਨੋਸ਼ੀ ਦੌਰਾਨ ਨਾਲ ਆਮ ਲੋਕਾਂ ਦੀ ਸਿਹਤ ਵੀ ਪ੍ਰਭਾਵਿਤ ਹੁੰਦੀ ਹੈ। ਇਸ ਲਈ ਸਾਨੂੰ ਤੰਬਾਕੂ ਮੁਕਤ ਸਮਾਜ ਲਈ ਉਪਰਾਲੇ ਕਰਨੇ ਚਾਹੀਦੇ ਹਨ। ਡਾ. ਜਪਨੀਤ ਕੌਰ ਨੇ ਕਿਹਾ ਕਿ ਤੰਬਾਕੂ ਦੀ ਵਰਤੋਂ ਨਾਲ ਮੂੰਹ ਦਾ ਕੈਂਸਰ, ਛਾਤੀ ਅਤੇ ਦਿਲ ਦੀਆਂ ਬਿਮਾਰੀਆਂ, ਪੇਟ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਉਨ੍ਹਾ ਕਿਹਾ ਕਿ ਮੂੰਹ ਦੇ ਅੰਦਰ ਉੱਲੀ ਜਾਂ ਸੋਜਿਸ਼, ਮੂੰਹ ਅਤੇ ਮਸੂੜੇ ਵਿੱਚੋਂ ਖੂਨ ਦਾ ਆਉਣਾ, ਭਾਰ ਦਾ ਘਟਣਾ, ਮੂੰਹ ਵਿੱਚ ਲਾਲ ਅਤੇ ਚਿੱਟੇ ਰੰਗ ਦੇ ਛਾਲੇ ਹੋਣਾ, ਖਾਣ ਵਿੱਚ ਤਕਲੀਫ ਅਤੇ ਜਬਾੜੇ ਵਿੱਚ ਦਰਦ, ਲੰਬੇ ਸਮੇ ਤੋਂ ਗਲੇ ਦੀ ਖਰਾਬੀ, ਅਵਾਜ਼ ਭਾਰੀ ਹੋਣਾ, ਇਹ ਮੂੰਹ ਦੇ ਕੈਂਸਰ ਦੇ ਲੱਛਣ ਹੋ ਸਕਦੇ ਹਨ। ਇਸ ਲਈ ਤੰਬਾਕੂ, ਬੀੜੀ, ਸਿਗਰੇਟ, ਈ-ਸਿਗਰੇਟ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਮੌਕੇ ਸਤਪਾਲ ਸਿੰਘ, ਸਿਹਤ ਇੰਸਪੈਕਟਰ ਨੇ ਇਸ ਸਾਲ ਦੇ ਥੀਮ "ਸਾਨੂੰ ਭੋਜਨ ਦੀ ਲੋੜ ਹੈ, ਤੰਬਾਕੂ ਦੀ ਨਹੀਂ" ਬਾਰੇ ਦੱਸਿਆ। ਇਸ ਸਮੇ ਹੋਰਨਾਂ ਤੋਂ ਇਲਾਵਾ ਡਾ. ਪ੍ਰਭਸਿਮਰਨ ਸਿੰਘ, ਡਾ. ਨਿਮਰਵੀਰ ਕੌਰ, ਡਾ. ਗਗਨਦੀਪ ਸਿੰਘ, ਦਵਿੰਦਰ ਸਿੰਘ, ਸਿਹਤ ਇੰਸਪੈਕਟਰ ਅਤੇ ਆਮ ਲੋਕ ਹਾਜ਼ਰ ਸਨ।

ਭਾਰੀ ਗਿਣਤੀ 'ਚ ਕੇਂਦਰ ਦੀਆਂ ਸਕੀਮਾਂ ਦਾ ਲਾਹਾ ਲੈ ਰਹੇ ਹਨ ਲੋਕ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)

ਪ੍ਰਧਾਨ ਮੰਤਰੀ ਵੱਲੋਂ ਚਲਾਈਆਂ ਗਈਆਂ ਬੀਮਾ ਯੋਜਨਾਵਾਂ ਦਾ ਆਮ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਉਣ ਲਈ ਸਰਕਾਰ ਨੇ ਆਪਣੀਆਂ ਗਤੀਵਿਧੀਆਂ ਵਿੱਚ ਤੇਜ਼ੀ ਲੈ ਆਂਦੀ ਹੈ। ਜਿਸ ਲਈ ਪੰਜਾਬ ਐਂਡ ਸਿੰਧ ਬੈਂਕ ਦੁਆਰਾ ਇਸ ਸਕੀਮ ਦਾ ਲਾਭ ਗਰੀਬ ਲੋਕਾਂ ਤੱਕ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਦਾ ਅਗਾਜ਼ ਕੀਤਾ ਗਿਆ। ਇਸੇ ਸੰਬੰਧ ਵਿੱਚ ਅੱਜ ਪੰਜਾਬ ਐਂਡ ਸਿੰਧ ਬੈਂਕ ਦੁਆਰਾ ਆਪਣੇ ਟਰੇਨਿੰਗ ਸੈਂਟਰ ਵਿੱਚ ਇੱਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਬੈਂਕ ਦੇ ਮੁੱਖ ਦਫਤਰ ਦਿੱਲੀ ਤੋਂ ਜਨਰਲ ਮੈਨੇਜਰ ਰਵੀ ਮਹਿਰਾ ਮੁੱਖ ਮਹਿਮਾਨ ਦੇ ਤੌਰ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਬੈਂਕ ਦੁਆਰਾ 1 ਅਪ੍ਰੈਲ ਤੋਂ 30 ਜੂਨ ਤੱਕ ਮੁੱਖ ਤੌਰ 'ਤੇ ਇਸ ਮੁਹਿੰਮ ਦਾ ਉਦੇਸ਼ ਮੁੱਖ ਤੌਰ 'ਤੇ ਇਹ ਹੈ ਕਿ ਇਨ੍ਹਾਂ ਸਕੀਮਾਂ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਜਿਥੇ ਆਮ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ, ਉਥੇ ਇਸ ਲਈ ਬੈਂਕਾਂ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਵੱਲੋਂ ਆਪਣੇ ਗਾਹਕਾਂ ਨੂੰ ਇਨ੍ਹਾਂ ਸਕੀਮਾਂ ਪ੍ਰਤੀ ਜਾਣਕਾਰੀ ਦਿੰਦੇ ਹੋਏ, ਇਸ ਦਾ ਲਾਭ ਹਰ ਤੱਕ ਪਹੁੰਚਾਉਣ ਦਾ ਹਰ ਸੰਭਵ ਯਤਨ ਕਰਨਾ ਹੈ। ਇਸ ਸਮਾਰੋਹ ਵਿੱਚ ਵੱਖ ਵੱਖ ਬੈਂਕਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਨਾਲ ਨਾਲ ਆਮ ਲੋਕਾਂ ਨੇ ਵੀ ਹਿੱਸਾ ਲਿਆ। ਪ੍ਰਧਾਨ ਮੰਤਰੀ ਜਨ ਸੁਰੱਖਿਆ ਯੋਜਨਾ ਜਿਸ ਲਈ ਇੱਕ ਆਮ ਵਿਅਕਤੀ ਨੂੰ ਪੂਰੇ ਸਾਲ ਲਈ ਸਿਰਫ ਰੁਪਏ ਦਾ ਰਾਸ਼ੀ ਬੀਮਾ ਕਿਸ਼ਤ ਲਈ ਅਦਾ ਕਰਨੀ ਪੈਂਦੀ ਹੈ, ਜਿਸ ਦਾ ਭਾਵ ਸਿਰਫ 1 ਰੁਪਈਆ 75 ਪੈਸੇ ਪ੍ਰਤੀ ਮਹੀਨਾ, ਜਿਸ ਲਈ ਐਕਸੀਡੈਂਟਲ ਬੀਮਾ ਰਾਸ਼ੀ 2 ਲੱਖ ਰੁਪਏ ਪ੍ਰਦਾਨ ਕੀਤੀ ਜਾਂਦੀ ਹੈ। ਦੂਸਰੀ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਜਿਸ ਲਈ ਵਿਅਕਤੀ ਨੂੰ ਇੱਕ ਸਾਲ ਲਈ 436 ਰੁਪਏ ਦੀ ਰਾਸ਼ੀ ਬੀਮੇ ਦੀ ਕਿਸ਼ਤ ਦੇ ਤੌਰ 'ਤੇ ਅਦਾ ਕਰਨੀ ਪੈਂਦੀ ਹੈ, ਜਿਸ ਦਾ ਭਾਵ 1 ਰੁਪਈਆ 20 ਪੈਸੇ ਪ੍ਰਤੀ ਦਿਨ ਦਾ ਖਰਚਾ। ਪਰ ਜੇਕਰ ਮਾੜੀ ਕਿਸਮਤ ਨਾਲ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਪਰਵਾਰ ਨੂੰ 2 ਲੱਖ ਰੁਪਏ ਦੀ ਬੀਮਾ ਰਾਸ਼ੀ ਅਦਾ ਕੀਤੀ ਜਾਂਦੀ ਹੈ। ਇਸ ਮੌਕੇ ਪੰਜਾਬ ਐਂਡ ਸਿੰਧ ਬੈਂਕ ਦੇ ਜ਼ੋਨਲ ਮੈਨੇਜਰ ਕੁਲਦੀਪ ਸਿੰਘ ਗਿੱਲ ਨੇ ਕਿਹਾ ਕਿ ਉਹ ਇਸ ਸਕੀਮ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਆਪਣੇ ਪੂਰੇ ਸਟਾਫ ਨਾਲ ਪੂਰੀ ਮਿਹਨਤ ਨਾਲ ਕੰਮ ਕਰ ਰਹੇ ਹਨ ਅਤੇ ਦਿੱਤੇ ਗਏ ਟੀਚੇ ਨੂੰ ਪ੍ਰਾਪਤ ਕਰਨ ਦੇ ਬਿਲਕੁਲ ਨਜ਼ਦੀਕ ਹਨ। ਇਸ ਮੌਕੇ ਬੈਂਕ ਦੇ ਲੀਡ ਬੈਂਕ ਮੈਨੇਜਰ ਗੁਰਵਿੰਦਰ ਸਿੰਘ ਸਿਧੂ, ਚੀਫ ਮੈਨੇਜਰ ਨਰਪਤ ਮਾਇਲ, ਆਰਸੇਟੀ ਦੇ ਡਾਇਰੈਕਟਰ ਕਸ਼ਮੀਰੀ ਲਾਲ ਗਾਂਧੀ , ਚੀਫ ਮੈਨੇਜਰ ਸੁਖਵਿੰਦਰਜੀਤ ਸਿੰਘ, ਜਸਪ੍ਰੀਤ ਸਿੰਘ ਅਤੇ ਹੋਰ ਬਹੁਤ ਸਾਰਾ ਸਟਾਫ ਹਾਜ਼ਰ ਸੀ।

ਪੁਲਸ ਨੇ ਸ਼ੱਕੀ ਵਿਅਕਤੀਆਂ ਦੇ ਘਰ ਛਾਪੇਮਾਰੀ ਕਰ ਚਲਾਇਆ ਸਰਚ ਅਭਿਆਨ

ਸ਼ੱਕੀ ਪੁਰਸ਼ਾਂ ਦੇ ਘਰਾਂ ਵਿਚ ਤਲਾਸ਼ੀ ਦੌਰਾਨ ਦਿਖਾਈ ਦੇ ਰਹੇ ਡੀ ਐੱਸ ਪੀ ਮਨਦੀਪ ਕੌਰ ਤੇ ਹੋਰ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਪੁਲਸ ਵੱਲੋਂ ਅੱਜ ਤੜਕੇ ਹੀ ਸਮਾਜ ਵਿਰੋਧੀ ਅਨਸਰਾਂ 'ਤੇ ਸਖ਼ਤੀ ਕਰਦਿਆਂ ਵੱਡ

1-Jun-PAGE- 3 qxd.qxd 5/31/2023 9:42 PM Page 1

ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਆਨੰਦਪੁਰ ਦੀ 11 ਮੈਂਬਰੀ ਕਮੇਟੀ ਦੀ ਚੋਣ

ਅਨੰਦਪੁਰ ਸਾਹਿਬ : ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਆਨੰਦਪੁਰ ਸਾਹਿਬ ਜ਼ਿਲ੍ਹਾ ਰੋਪੜ ਦਾ ਇਜਲਾਸ ਸਾਥੀ ਰਣਜੀਤ ਸਰਥਲੀ ਅਤੇ ਸਾਥੀ ਬਖਤਾਵਰ ਸਿੰਘ ਬਣੀ ਦੀ ਪ੍ਰਧਾਨਗੀ ਹੇਠ ਹੋਇਆ। ਸਾਥੀ ਦਵਿੰਦਰ ਕੁਮਾਰ ਨੰਗਲੀ ਸਕੱਤਰ ਜ਼ਿਲ੍ਹਾ ਕਿਸਾਨ ਸਭਾ ਅਤੇ ਸਾਥੀ ਕਾਕਾ ਰਾਮ ਉਚੇਚੇ ਤੌਰ 'ਤੇ ਇਸ ਇਜਲਾਸ 'ਚ ਸ਼ਾਮਲ ਹੋਏ। ਇਸ ਇਜਲਾਸ ਨੂੰ ਹੋਰਨਾਂ ਤੋਂ ਇਲਾਵਾ ਦਵਿੰਦਰ ਨੰਗਲੀ, ਗੁਰਨਾਮ ਸਿੰਘ ਔਲਖ, ਕਾਕਾ ਰਾਮ, ਬਖਤਾਵਰ ਸੰਘ ਬਣੀ, ਰਣਜੀਤ ਸਰਥਲੀ, ਰਾਮ ਪਾਲ ਤਾਰਾਪੁਰ, ਮੇਜਰ ਸਿੰਘ, ਕੁਲਦੀਪ ਚੰਦ ਬੀ ਡੀ ਸੀ ਮੈਂਬਰ, ਹਰੀਚੰਦ ਗੋਲਨੀ, ਸੁਸ਼ੀਲ ਕੁਮਾਰ ਅਤੇ ਸੋਹਨ ਸਿੰਘ ਬੇਗਾ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਸਾਨੀ ਨੂੰ ਦਰਪੇਸ਼ ਸਮੱਸਿਆਵਾਂ ਅਤੇ ਅਜੋਕੇ ਹਾਲਾਤ ਤੇ ਚਾਨਣਾ ਪਾਇਆ। ਸਾਥੀ ਹਰੀਚੰਦ ਗੋਲਨੀ ਸਾਥਕਾ ਸਕੱਤਰ ਨੇ ਕੀਤੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਕੁਝ ਵਾਧਿਆ ਸਮੇਤ ਸਰਬ ਸੰਮਤੀ ਨਾਲ ਪਾਸ਼ ਕਰ ਦਿੱਤਾ ਗਿਆ। ਇਸ ਤੋਂ ਬਾਅਦ ਦਵਿੰਦਰ ਕੁਮਾਰ ਨੰਗਲੀ ਅਤੇ ਕਾਕਾ ਰਾਮ ਦੀ ਦੇਖ ਰੇਖ 'ਚ ਸਰਬ ਸੰਮਤੀ ਨਾਲ 11 ਮੈਂਬਰੀ ਤਹਿਸੀਲ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਗੁਰਨਾਮ ਸਿੰਘ ਔਲਖ ਪ੍ਰਧਾਨ, ਰਾਮ ਪਾਲ ਸਕੱਤਰ, ਬਖਤਾਵਰ ਸਿੰਘ ਬਣੀ ਮੀਤ ਪ੍ਰਧਾਨ, ਮੇਜਰ ਸਿੰਘ ਮੀਤ ਸਕੱਤਰ, ਸੁਰਿੰਦਰ ਸਿੰਘ ਦਸਗਰਾਂ, ਕਰਨਪ੍ਰੀਤ ਸਿੰਘ ਸਰਥਲੀ, ਜਰਨੈਲ ਸਿੰਘ ਨਾਨੋਵਾਲ, ਕੁਲਦੀਪ ਚੰਦ ਕਾਹੀਵਾਲ, ਅਜਮੇਰ ਸਿੰਘ ਮਾਂਗੇਵਾਲ, ਸੁਸ਼ੀਲ ਕੁਮਾਰ ਮਾਂਗੇਵਾਲ ਆਦਿ ਚੁਣੇ ਗਏ। ਇਜਲਾਸ ਦੇ ਆਖਿਰ ਵਿੱਚ ਬਕਾਇਦਾ ਹੇਠ ਲਿਖੇ ਅਨੁਸਾਰ ਮਤੇ ਪਾਸ਼ ਕੀਤੇ ਗਏ।

ਇਜਲਾਸ ਦਿੱਲੀ ਜੰਤਰ ਮੰਤਰ ਤੇ ਪਹਿਲਵਾਨ ਲੜਕੀਆਂ ਉੱਪਰ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕੀਤੇ ਤਸ਼ੱਦਦ ਦੀ ਨਿੰਦਾ ਕੀਤੀ ਗਈ।

ਮੰਗਾਂ ਨੂੰ ਲੈ ਕੇ ਈ ਟੀ ਟੀ ਅਧਿਆਪਕਾਂ ਵੱਲੋਂ ਇਕੱਤਰਤਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਿੱਖਿਆ ਬਲਾਕ ਡੇਰਾ ਬਾਬਾ ਨਾਨਕ -1 ਵਿਖੇ ਸਮੂਹ ਈਟੀਟੀ ਅਧਿਆਪਕਾਂ ਦੀ ਇਕੱਤਰਤਾ ਹੋਈ। ਇਸ ਮੌਕੇ ਪੇ-ਅਨਾਮਲੀ ਦੂਰ ਕਰਨ ਲਈ ਫਾਰਮ ਭਰ ਕੇ ਡਾਟਾ ਅਪਰੇਟਰ ਰਘਬੀਰ ਸਿੰਘ ਰਾਹੀਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨੂੰ ਭੇਜਦੇ ਹੋਏ ਅਨਾਮਲੀ ਜਲਦ ਦੂਰ ਕਰਨ ਦੀ ਮੰਗ ਕੀਤੀ ਗਈ ਅਤੇ ਰੋਸ ਜਤਾਇਆ ਗਿਆ ਕਿ ਮਈ ਦੀ ਤਨਖਾਹ ਦੇ ਬਿੱਲ ਅਨਾਮਲੀ ਦੂਰ ਕੀਤੇ ਬਿਨਾਂ ਬਿੱਲ ਬਣਾਉਣਾ ਘੱਟੋ-ਘੱਟ ਇੱਕ ਮਹੀਨਾ ਹੋਰ ਲਮਕਾਉਣਾ ਹੈ। ਇਸ ਮੌਕੇ ਹੋਰ ਮੁਲਾਜ਼ਮ ਮੰਗਾਂ ਦੇ ਹੱਲ ਲਈ 3 ਜੂਨ ਨੂੰ ਅਨੰਦਪੁਰ ਮਹਾਂਰੈਲੀ ਲਈ ਸਭ ਸਾਥੀਆਂ ਨੂੰ ਪੁੱਜਣ ਦੀ ਅਪੀਲ ਕੀਤੀ ਗਈ। ਇਸ ਮੌਕੇ ਲਵਪ੍ਰੀਤ ਸਿੰਘ, ਗੁਰਮੁੱਖ ਸਿੰਘ, ਨਰਿੰਦਰ ਸਿੰਘ, ਸੁਖਜਿਦਰ ਸਿੰਘ, ਗੁਰਪਾਲ ਸਿੰਘ, ਦਲਜੀਤ ਸਿੰਘ, ਰਵਿੰਦਰ ਕੌਰ, ਰਿਚਾ ਸ਼ਰਮਾ ਅਤੇ ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।

ਝੋਨੇ ਦੀ ਸਿੱਧੀ ਬਿਜਾਈ ਕਿਸਾਨਾਂ ਲਈ ਲਾਹੇਵੰਦ: ਖੇਤੀਬਾੜੀ ਵਿਸਥਾਰ ਅਫਸਰ

ਮਜੀਠਾ (ਸੋਇਮ ਆਨੰਦ)-ਪੰਜਾਬ ਸਰਕਾਰ ਵਲੋ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਾਸਤੇ ਚਲਾਈ ਗਈ ਮੁਹਿੰਮ ਤਹਿਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ: ਜਤਿੰਦਰ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ ਬਲਾਕ ਖੇਤੀਬਾੜੀ ਅਫਸਰ ਡਾ: ਤਜਿੰਦਰ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਵਿਸਥਾਰ ਅਫਸਰ ਅਮਰਦੀਪ ਸਿੰਘ ਗਿੱਲ ਮਜੀਠਾ ਵਲੋਂ ਬਲਾਕ ਮਜੀਠਾ ਦੇ ਸਰਕਲ ਸ਼ਾਮ ਨਗਰ ਅਧੀਨ ਵੱਖ-ਵੱਖ ਪਿੰਡਾਂ ਦੇ ਦੌਰੇ ਦੌਰਾਨ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਸਬੰਧੀ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਬਹੁਤ ਲਾਹੇਵੰਦ ਹੈ। ਇਸ ਦਾ ਝਾੜ ਵੀ ਕੱਦੂ ਕਰਕੇ ਬੀਜੇ ਝੋਨੇ ਦੇ ਖੇਤਾਂ ਵਾਂਗ ਬਰਾਬਰ ਹੀ ਆਉਂਦਾ ਹੈ। ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਝੋਨੇ ਦੀ ਸਿੱਧੀ ਬਿਜਾਈ ਤਰ ਵੱਤਰ ਤੇ ਕੀਤੀ ਜਾਵੇ। ਉਨ੍ਹਾਂ ਨੇ ਦੱਸਿਆ ਕਿ ਉਦਮੀ ਕਿਸਾਨਾਂ ਵਲੋ ਪਿਛਲੇ ਸਾਲ ਝੋਨੇ ਦੀ ਸਿੱਧੀ ਬਿਜਾਈ ਕਰਕੇ ਪਾਣੀ ਦੀ ਬਹੁਤ ਜ਼ਿਆਦਾ ਬੱਚਤ ਕੀਤੀ ਗਈ ਸੀ। ਇਸ ਦੇ ਨਾਲ ਹੀ ਵਾਧੂ ਖਰਚਾ ਵੀ ਘਟਾਇਆ ਸੀ। ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪੰਜਾਬ ਸਰਕਾਰ ਵਲੋ 1500 ਰੁਪਏ ਪ੍ਰਤੀ ਏਕੜ ਵਿੱਤੀ ਸਹਾਇਤਾ ਵੀ ਦਿੱਤੀ ਜਾਵੇਗੀ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੱਸਿਆ ਕਿ ਖਾਦਾਂ ਦੀ ਸੁਚੱਜੀ ਵਰਤੋਂ, ਨਦੀਨਾਂ ਦੀ ਰੋਕਥਾਮ ਵਾਸਤੇ ਉਨ੍ਹਾਂ ਨੇ ਕਿਸਾਨਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੱਦੂ ਕਰਕੇ ਝੋਨੇ ਦੀ ਬਿਜਾਈ 19 ਜੂਨ ਤੋਂ ਪਹਿਲਾਂ ਨਾਂ ਕਰਨ ਦੀ ਅਪੀਲ ਵੀ ਕੀਤੀ। ਖੇਤੀਬਾੜੀ ਵਿਸਥਾਰ ਅਫਸਰ ਅਮਰਦੀਪ ਸਿੰਘ ਗਿੱਲ ਮਜੀਠਾ ਨੇ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਦੀ ਸਲਾਘਾ ਕੀਤੀ ਜਿਨ੍ਹਾਂ ਨੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਝੋਨੇ ਦੀ ਬਿਜਾਈ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਦੇ ਮਨਾਂ ਦੇ ਸ਼ੰਕੇ ਵੀ ਦੂਰ ਕੀਤੇ। ਇਸ ਮੌਕੇ ਖੇਤੀਬਾੜੀ ਵਿਸਥਾਰ ਅਫਸਰ ਅਮਰਦੀਪ ਸਿੰਘ ਗਿੱਲ ਮਜੀਠਾ ਦੇ ਨਾਲ ਖੇਤੀਬਾੜੀ ਉਪ ਨਿਰੀਖਕ ਤਿਲਕ ਰਾਜ, ਅਗਾਂਹਵਧੂ ਕਿਸਾਨਾਂ ਵਿਚ ਸ਼ੁਭਦੇਲ ਸਿੰਘ, ਲਖਬੀਰ ਸਿੰਘ, ਬਲਦੇਵ ਸਿੰਘ, ਸੰਦੀਪ ਸਿੰਘ, ਸੁਖਦੇਵ ਸਿੰਘ, ਦਵਿੰਦਰ ਸਿੰਘ, ਰਮਨਦੀਪ ਸਿੰਘ ਆਦਿ ਵੀ ਹਾਜ਼ਰ ਸਨ।

ਰੀ-ਚੈਕਿੰਗ ਲਈ ਸ਼ਡਿਊਲ ਜਾਰੀ

ਮੋਹਾਲੀ, (ਗੁਰਜੀਤ ਬਿੱਲਾ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਮਾਰਚ 2023 ਦੇ ਐਲਾਨੇ ਨਤੀਜਿਆਂ ਲਈ ਰੀ-ਚੈਕਿੰਗ ਅਤੇ ਰੀ-ਵੈਲੂਏਸ਼ਨ ਕਰਵਾਉਣ ਲਈ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦਾ ਮਾਰਚ 2023 ਦਾ ਨਤੀਜਾ ਕ੍ਰਮਵਾਰ 24 ਮਈ 2023 ਅਤੇ 26 ਮਈ 2023 ਨੂੰ ਐਲਾਨਿਆਂ ਜਾ ਚੁੱਕਾ ਹੈ। ਆਪਣੇ ਨਤੀਜਿਆਂ ਤੋਂ ਅਸੰਤੁਸ਼ਟ ਜਿਹੜੇ ਪਰੀਖਿਆਰਥੀ ਰੀਚੈਕਿੰਗ ਜਾਂ ਰਿਵੈਲਿਊਏਸ਼ਨ ਕਰਵਾਉਣਾ ਚਾਹੁੰਦੇ ਹਨ, ਉਹ ਇਸ ਮੰਤਵ ਲਈ 31 ਮਈ 2023 ਤੋਂ 14 ਜੂਨ 2023 ਤੱਕ ਆਨਲਾਈਨ ਫ਼ਾਰਮ ਅਤੇ ਫ਼ੀਸ ਜਮ੍ਹਾਂ ਕਰਵਾ ਸਕਦੇ ਹਨ। ਪਰੀਖਿਆਰਥੀ ਰੀਚੈਕਿੰਗ ਜਾਂ ਰਿਵੈਲਿਊਏਸ਼ਨ ਫ਼ਾਰਮ/ਫ਼ੀਸ ਭਰਨ ਉਪਰੰਤ ਇਸ ਦਾ ਪ੍ਰਿੰਟ ਆਪਣੇ ਕੋਲ ਰੱਖਣ ਅਤੇ ਹਾਰਡ ਕਾਪੀ ਦਫ਼ਤਰ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਨਹੀਂ ਹੈ। ਇਸ ਸਬੰਧੀ ਮੁਕੰਮਲ ਜਾਣਕਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬ-ਸਾਈਟ 'ਤੇ ਉਪਲਬਧ ਕਰਵਾ ਦਿੱਤੀ ਗਈ ਹੈ।

ਕਾਹਨੂੰਵਾਨ ਵਿਖੇ ਲੱਗਾ ਜਨ-ਸੁਣਵਾਈ ਕੈਂਪ

ਗੁਰਦਾਸਪੁਰ, (ਜਨਕ ਮਹਾਜਨ)-'ਸਰਕਾਰ ਤੁਹਾਡੇ ਦੁਆਰ' ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਕਾਹਨੂੰਵਾਨ ਦੀ ਰਾਜਪੂਤ ਧਰਮਸ਼ਾਲਾ ਵਿਖੇ ਜਨ-ਸੁਣਵਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਕਾਹਨੂੰਵਾਨ, ਚੱਕ ਸ਼ਰੀਫ, ਚੱਕ ਯਕੂਬ, ਰਾਊਵਾਲ, ਲਾਧੂਪੁਰ ਪਿੰਡਾਂ ਦੇ ਵਸਨੀਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਜਿਨ੍ਹਾਂ ਵਿਚੋਂ 304 ਲਾਭਪਤਾਰੀਆਂ ਨੂੰ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਦਿੱਤਾ ਗਿਆ। ਇਸ ਜਨ-ਸੁਣਵਾਈ ਕੈਂਪ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਸਮੇਤ ਹੋਰ ਅਧਿਕਾਰੀਆਂ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਸਬੰਧੀ ਸਮਾਂਬੱਧ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਕੈਂਪ ਵਿੱਚ 304 ਦੇ ਕਰੀਬ ਵਿਅਕਤੀਆਂ ਨੇ ਲਾਭ ਉਠਾਇਆ ਹੈ। ਉਨ੍ਹਾਂ ਕਿਹਾ ਕਿ ਕਾਹਨੂੰਵਾਨ ਦੇ ਵਸਨੀਕਾਂ ਨੇ ਜਿਹੜੀਆਂ ਮੁਸ਼ਕਲਾਂ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਂਦੀਆਂ ਹਨ, ਉਨ੍ਹਾਂ ਦਾ ਵੀ ਜਲਦ ਹੀ ਨਿਪਟਾਰਾ ਕੀਤਾ ਜਾਵੇਗਾ। ਇਸ ਮੌਕੇ ਨਾਇਬ ਤਹਿਸੀਲਦਾਰ ਇੰਦਰਜੀਤ ਕੌਰ, ਬੀਡੀਪੀਓ ਕਾਹਨੂੰਵਾਨ ਹਰਪ੍ਰੀਤ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਕ੍ਰਿਪਾਲ ਸਿੰਘ ਢਿਲੋਂ, ਸਰਪੰਚ ਕਾਹਨੂੰਵਾਨ ਠਾਕੁਰ ਆਫਤਾਬ ਸਿੰਘ, ਅਨਿਲ ਤਿਵਾੜੀ, ਠਾਕੁਰ ਪਵਨ ਸਿੰਘ, ਚਰਨਜੀਤ ਸਿੰਘ ਜਾਗੋਵਾਲ ਤੋਂ ਅਧਿਕਾਰੀ ਅਤੇ ਇਲਾਕੇ ਦੇ ਮੋਹਤਬਰ ਹਾਜ਼ਰ ਸਨ।

'ਆਪ' ਆਗੂ ਹੈਪੀ ਮਸੀਹ ਨੂੰ ਸਦਮਾ, ਪਿਤਾ ਦਾ ਦਿਹਾਂਤ

ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਪਿੰਡ ਥੇ ਗੁਲਾਮ ਨਬੀ ਤੋਂ ਸੀਨੀਅਰ ਆਪ ਆਗੂ ਹੈਪੀ ਮਸੀਹ ਮੋਮਨ ਨੂੰ ਸ਼ਸ ਸਮੇਂ ਗਹਿਰਾ ਸਦਮਾ ਲੱਗਾ ਜਦ ਉਨ੍ਹਾਂ ਦੇ ਪਿਤਾ ਮਹਿੰਦਰ ਮਸੀਹ ਠੇਕੇਦਾਰ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਇਸ ਦੁੱਖ ਦੀ ਘੜੀ ਵਿੱਚ ਵਿਧਾਇਕ ਬਟਾਲਾ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਹੈਪੀ ਮਸੀਹ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਦੁੱਖ ਦੀ ਘੜੀ ਵਿੱਚ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਰਾਜਬੀਰ ਸਿੰਘ ਰੰਧਾਵਾ, ਨਿਸ਼ਾਨ ਸਿੰਘ ਫੌਜੀ, ਅਮਨਦੀਪ ਸਿੰਘ ਨੰਬਰਦਾਰ, ਅਜੈ ਮਸੀਹ ਜੈਕਬ ਅਤੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਧਾਰਮਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਵੱਲੋਂ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ। ਅੰਤਿਮ ਅਰਦਾਸ 3 ਜੂਨ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਥੇ ਗੁਲਾਮ ਨਬੀ ਵਿਖੇ ਹੋਵੇਗੀ।

ਭਾਰਤ-ਪਾਕਿ ਸਰਹੱਦ ਤੋਂ 25 ਕਿਲੋਮੀਟਰ ਦੇ ਦਾਇਰੇ ਅੰਦਰ ਡਰੋਨ ਉਡਾਉਣ 'ਤੇ ਪਾਬੰਦੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਵਧੀਕ ਜ਼ਿਲਾ ਮੈਜਿਸਟਰੇਟ ਗੁਰਦਾਸਪੁਰ ਡਾ. ਨਿਧੀ ਕੁਮੁਧ ਬਾਮਬਾ ਨੇ ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲਾ ਗੁਰਦਾਸਪੁਰ ਵਿੱਚ ਹਿੰਦ-ਪਾਕਿ ਅੰਤਰਰਾਸ਼ਟਰੀ ਸਰਹੱਦ ਤੋਂ ਜ਼ਿਲਾ ਗੁਰਦਾਸਪੁਰ ਦੇ ਪਾਸੇ 25 ਕਿਲੋਮੀਟਰ ਦੇ ਦਾਇਰੇ ਅੰਦਰ ਅੱਤਵਾਦ ਗਤੀਵਿਧੀਆਂ ਅਤੇ ਹਰ ਤਰਾਂ ਦੀ ਸਮੱਗਲਿੰਗ ਨੂੰ ਰੋਕਣ ਲਈ ਡਰੋਨ ਉਡਾਉਣ 'ਤੇ ਸਖਤ ਪਾਬੰਦੀ ਲਗਾ ਦਿੱਤੀ ਹੈ। ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਇਹ ਹੁਕਮ ਇੱਕ ਤਰਫ਼ਾ ਪਾਸ ਕੀਤਾ ਗਿਆ ਹੈ। ਮਨਾਹੀ ਦੇ ਇਸ ਹੁਕਮ ਦੀ ਉਲੰਘਣਾ ਕਰਨ ਵਾਲੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪਬੰਦੀ ਦਾ ਇਹ ਹੁਕਮ 31 ਮਈ 2023 ਤੋਂ 31 ਜੁਲਾਈ 2023 ਤੱਕ ਲਾਗੂ ਰਹੇਗਾ।

ਪ੍ਰੈੱਸ ਸ਼ਬਦ ਦਾ ਦੁਰਉਪਯੋਗ ਕਰਨ ਵਾਲਿਆਂ ਖਿਲਾਫ ਸਖਤ ਐਕਸ਼ਨ ਲਵੇ ਪ੍ਰਸ਼ਾਸਨ : ਲਖਵਿੰਦਰ ਗੋਲਣ

ਭਿੱਖੀਵਿੰਡ/ਖਾਲੜਾ (ਰਣਬੀਰ ਸਿੰਘ ਗੋਲਣ) ਲੋਕਤੰਤਰ ਦੇ ਚੌਥੇ ਸਤੰਭ ਮੀਡੀਆ ਦੀ ਅਗਵਾਈ ਕਰਨ ਵਾਲੇ ਪੱਤਰਕਾਰ ਦੀ ਨਕਲ ਕਰਨ ਵਾਲੇ ਕੁੱਝ ਲੋਕਾਂ ਨੇ ਪ੍ਰੈੱਸ ਸ਼ਬਦ ਨੂੰ ਇੰਨਾ ਬਦਨਾਮ ਤੇ ਖਰਾਬ ਕਰ ਦਿੱਤਾ ਹੈ ਕਿ ਅਸਲੀ ਪੱਤਰਕਾਰ ਦੀ ਪਹਿਚਾਣ ਕਰਨਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਹ ਸ਼ਬਦ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਹਲਕਾ ਖੇਮਕਰਨ ਦੇ ਪ੍ਰਧਾਨ ਲਖਵਿੰਦਰ ਸਿੰਘ ਗੋਲਣ ਨੇ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਸਮੂਹ ਪੱਤਰਕਾਰ ਭਾਈਚਾਰੇ ਨਾਲ ਸਾਂਝੇ ਕੀਤੇ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਪ੍ਰੈੱਸ ਸ਼ਬਦ ਦਾ ਦੁਰਉਪਯੋਗ ਰੋਕਣ ਦੀ ਅਪੀਲ ਕਰਦਿਆਂ ਕਿਹਾ ਕਿ ਜਿਹੜੇ ਲੋਕ ਬਿਨਾਂ ਕਿਸੇ ਅਧਿਕਾਰ ਤੋਂ ਆਪਣੇ ਮੋਟਰਸਾਈਕਲ/ਗੱਡੀਆਂ 'ਤੇ ਪ੍ਰੈੱਸ ਸ਼ਬਦ ਲਿਖਵਾ ਕੇ ਪ੍ਰਸ਼ਾਸਨ ਦੀਆਂ ਅੱਖਾਂ 'ਚ ਘੱਟਾ ਪਾ ਰਹੇ ਹਨ। ਉਨ੍ਹਾਂ ਦੇ ਖਿਲਾਫ ਤੁਰੰਤ ਸਖਤ ਐਕਸ਼ਨ ਲਿਆ ਜਾਵੇ ਤੇ ਉਨ੍ਹਾਂ ਵਾਹਨਾ ਨੂੰ ਜ਼ਬਤ ਕੀਤਾ ਜਾਵੇ ਤਾਂ ਕਿ ਅਸਲੀ ਪੱਤਰਕਾਰ ਦੀ ਪਹਿਚਾਣ ਤੇ ਮਾਣ-ਸਨਮਾਨ ਨੂੰ ਸੁਰੱਖਿਅਤ ਤੇ ਕਾਇਮ ਰੱਖਿਆ ਜਾ ਸਕੇ।

ਧਾਰਮਿਕ ਮੁਕਾਬਲਿਆਂ 'ਚ ਗੁਰਮਨ ਕੌਰ ਤੇ ਗੋਬਿੰਦ ਸਿੰਘ ਰਹੇ ਅੱਵਲ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ ਗੁਰੂ ਨਾਨਕ ਨਾਮ ਲੇਵਾ ਵੈੱਲਫੇਅਰ ਸੁਸਾਇਟੀ ਨੌਸ਼ਹਿਰਾ ਪੰਨੂੰਆਂ ਵੱਲੋਂ ਪਿੰਡ ਦਿਲਾਵਰਪੁਰ ਵਿਖੇ ਕਰਵਾਏ ਗਏ ਕੁਇਜ਼ ਮੁਕਾਬਲਿਆਂ ਵਿੱਚ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਪਿੰਡ ਸੁਹਾਵਾ ਦੀ ਪੰਜਵੀਂ ਜਮਾਤ (ਚੀਫਜ) ਦੀ ਵਿਦਿਆਰਥਣ ਗੁਰਮਨ ਕੌਰ ਅਤੇ ਚੌਥੀ ਜਮਾਤ (ਬਿਲਸਨ) ਦੇ ਵਿਦਿਆਰਥੀ ਗੋਬਿੰਦ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਡਾ. ਰਿਤੂ

1-JUNE-PAGE-4.qxd 5/31/2023 9:44 PM Page 1

ਨਵਾਂ ਜ਼ਮਾਨਾ
ਵੀਰਵਾਰ, 1 ਜੂਨ 2023

ਜੱਜ ਤੇ ਸਿਆਸੀ ਅਹੁਦੇ

ਵਕੀਲਾਂ ਦੀ ਇਕ ਜਥੇਬੰਦੀ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜਾਂ ਲਈ ਰਿਟਾਇਰਮੈਂਟ ਤੋਂ ਬਾਅਦ ਦੋ ਸਾਲ ਦਾ 'ਵਿਰਾਮ ਕਾਲ' (ਕੂਲਿੰਗ ਆਫ ਪੀਰੀਅਡ) ਯਕੀਨੀ ਬਣਾਇਆ ਜਾਵੇ। ਇਸ ਤੋਂ ਬਾਅਦ ਹੀ ਉਹ ਰਾਜਪਾਲ ਵਰਗੀਆਂ ਸਿਆਸੀ ਨਿਯੁਕਤੀਆਂ ਸਵੀਕਾਰ ਕਰਨ। ਜਥੇਬੰਦੀ ਦਾ ਕਹਿਣਾ ਹੈ ਕਿ ਰਿਟਾਇਰਮੈਂਟ ਦੇ ਫੌਰਨ ਬਾਅਦ ਜੱਜਾਂ ਦਾ ਸਿਆਸੀ ਦਫਤਰਾਂ ਦਾ ਹਿੱਸਾ ਬਣਨ ਨਾਲ ਨਿਆਂਪਾਲਿਕਾ ਦੀ ਅਜ਼ਾਦੀ ਬਾਰੇ ਲੋਕਾਂ ਦੀ ਧਾਰਨਾ 'ਤੇ ਉਲਟ ਅਸਰ ਹੁੰਦਾ ਹੈ। ਬੰਬੇ ਲਾਇਰਜ਼ ਐਸੋਸੀਏਸ਼ਨ ਨੇ ਬਾਨੀ ਪ੍ਰਧਾਨ ਅਹਿਮਦ ਮਹਿਦੀ ਆਬਦੀ ਦੇ ਮਾਧਿਅਮ ਨਾਲ ਦਾਇਰ ਪਟੀਸ਼ਨ ਵਿਚ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਤੇ ਜੱਜ ਐੱਸ ਨਜ਼ੀਰ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਹੈ। ਇਹ ਦੋਨੋਂ ਅਯੁੱਧਿਆ ਮਸਲੇ ਦਾ ਫੈਸਲਾ ਕਰਨ ਵਾਲੀ ਬੈਂਚ ਵਿਚ ਸ਼ਾਮਲ ਸਨ। ਜਸਟਿਸ ਗੋਗੋਈ ਰਿਟਾਇਰਮੈਂਟ ਦੇ ਸਿਰਫ ਚਾਰ ਮਹੀਨੇ ਬਾਅਦ ਰਾਜ ਸਭਾ ਦੇ ਮੈਂਬਰ ਬਣ ਗਏ, ਜਦਕਿ ਜਸਟਿਸ ਨਜ਼ੀਰ ਨੇ ਇਸ ਸਾਲ 12 ਫਰਵਰੀ ਨੂੰ ਆਂਧਰਾ ਪ੍ਰਦੇਸ਼ ਦਾ ਰਾਜਪਾਲ ਬਣਨਾ ਸਵੀਕਾਰ ਕਰ ਲਿਆ। ਚੀਫ ਜਸਟਿਸ ਵਜੋਂ ਗੋਗੋਈ ਨੇ ਸਿਆਸੀ ਤੌਰ 'ਤੇ ਨਾਜ਼ੁਕ ਮੁੱਦਿਆਂ (ਆਸਾਮ ਐੱਨ ਆਰ ਸੀ, ਸਬਰੀਮਾਲਾ, ਅਯੁੱਧਿਆ, ਰਾਫੇਲ ਤੇ ਸੀ ਬੀ ਆਈ) ਦਾ ਫੈਸਲਾ ਕਰਨ ਵਾਲੀਆਂ ਬੈਂਚਾਂ ਦੀ ਪ੍ਰਧਾਨਗੀ ਕੀਤੀ ਸੀ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਅਕਸਰ ਇਹ ਖਦਸ਼ਾ ਰਹਿੰਦਾ ਹੈ ਕਿ ਰਿਟਾਇਰਮੈਂਟ ਦੇ ਲਾਗੇ ਪੁੱਜਾ ਜੱਜ ਮਾਮਲਿਆਂ ਦਾ ਫੈਸਲਾ ਇਸ ਤਰ੍ਹਾਂ ਕਰ ਸਕਦਾ ਹੈ ਕਿ ਸਰਕਾਰ ਖੁਸ਼ ਹੋ ਜਾਵੇ ਤੇ ਉਸ ਨੂੰ ਰਿਟਾਇਰਮੈਂਟ ਤੋਂ ਬਾਅਦ ਵਧੀਆ ਨਿਯੁਕਤੀ ਦੇ ਦੇਵੇ। ਜੇ ਜੱਜ ਵਿਵਾਦਗ੍ਰਸਤ ਮੁੱਦਿਆਂ 'ਚ ਸਰਕਾਰ ਦੇ ਹੱਕ ਵਿਚ ਫੈਸਲਾ ਕਰਦਾ ਹੈ ਤੇ ਫਿਰ ਰਿਟਾਇਰਮੈਂਟ ਤੋਂ ਬਾਅਦ ਨਿਯੁਕਤੀ ਲੈ ਲੈਂਦਾ ਹੈ ਤਾਂ ਲੋਕਾਂ ਵਿਚ ਇਹ ਧਾਰਨਾ ਬਣਦੀ ਹੈ ਕਿ ਉਸ ਨੇ ਨਿਆਂ ਪਾਲਿਕਾ ਦੀ ਅਜ਼ਾਦੀ ਨਾਲ ਸਮਝੌਤਾ ਕੀਤਾ, ਬੇਸ਼ਕ ਉਸ ਨੇ ਫੈਸਲਾ ਸਹੀ ਹੀ ਕੀਤਾ ਹੋਵੇ। ਪਟੀਸ਼ਨ ਵਿਚ ਲਾਅ ਕਮਿਸ਼ਨ ਦੀ 1958 ਵਿਚ ਆਈ ਚੌਦ੍ਹਵੀਂ ਰਿਪੋਰਟ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਰਿਟਾਇਰਮੈਂਟ ਤੋਂ ਬਾਅਦ ਸਰਕਾਰੀ ਅਹੁਦਾ ਸੰਭਾਲਣ 'ਤੇ ਰੋਕ ਲਾਉਣ ਦੀ ਸਿਫਾਰਸ਼ ਕੀਤੀ ਗਈ ਸੀ, ਕਿਉਂਕਿ ਅਦਾਲਤਾਂ ਵਿਚ ਚਲਦੇ ਮਾਮਲਿਆਂ 'ਚ ਸਰਕਾਰ ਪ੍ਰਮੁੱਖ ਧਿਰ ਹੁੰਦੀ ਹੈ, ਪਰ ਇਹ ਸਿਫਾਰਸ਼ ਕਦੇ ਲਾਗੂ ਨਹੀਂ ਕੀਤੀ ਗਈ। ਪਟੀਸ਼ਨ ਵਿਚ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਮੁਹੰਮਦ ਹਿਦਾਇਤਉਲ੍ਹਾ ਦੀ ਖਾਸ ਤੌਰ 'ਤੇ ਮਿਸਾਲ ਦਿੱਤੀ ਗਈ ਹੈ। ਜਸਟਿਸ ਹਿਦਾਇਤਉਲ੍ਹਾ ਨੇ ਆਪਣਾ ਆਖਰੀ ਫੈਸਲਾ 1970 ਵਿਚ ਸਿਆਸੀ ਤੌਰ 'ਤੇ ਬਹੁਤ ਹੀ ਚਰਚਿਤ 'ਪ੍ਰਿਵੀ ਪਰਸ' ਕੇਸ ਵਿਚ ਦਿੱਤਾ ਸੀ। ਸੁਪਰੀਮ ਕੋਰਟ ਨੇ ਅੰਗਰੇਜ਼ਾਂ ਦੇ ਦੇਸ਼ ਛੱਡਣ ਤੋਂ ਬਾਅਦ ਭਾਰਤੀ ਯੂਨੀਅਨ ਵਿਚ ਸ਼ਾਮਲ ਹੋਣ ਲਈ ਰਾਜ਼ੀ ਹੋਏ ਸਾਬਕਾ ਰਾਜਕੁਮਾਰਾਂ ਨੂੰ ਪ੍ਰਿਵੀ ਪਰਸ ਦੀ ਅਦਾਇਗੀ ਖਤਮ ਕਰਨ ਦਾ ਇੰਦਰਾ ਸਰਕਾਰ ਦਾ ਫੈਸਲਾ ਗੈਰ-ਕਾਨੂੰਨੀ ਠਹਿਰਾਇਆ ਸੀ। ਮਾਮਲੇ ਦੀ ਸੁਣਵਾਈ ਦੌਰਾਨ ਇਹ ਚਰਚਾ ਚੱਲੀ ਸੀ ਕਿ ਸਰਕਾਰ ਰਿਟਾਇਰਮੈਂਟ ਤੋਂ ਬਾਅਦ ਹਿਦਾਇਤਉਲ੍ਹਾ ਨੂੰ ਕੌਮਾਂਤਰੀ ਅਦਾਲਤ ਦਾ ਜੱਜ ਜਾਂ ਲੋਕਪਾਲ ਬਣਾਉਣ 'ਤੇ ਵਿਚਾਰ ਕਰ ਰਹੀ ਹੈ। ਜਸਟਿਸ ਹਿਦਾਇਤਉਲ੍ਹਾ ਨੇ ਉਸੇ ਵੇਲੇ ਸਪੱਸ਼ਟ ਕਰ ਦਿੱਤਾ ਸੀ ਕਿ ਜੇ ਉਸ ਨੂੰ ਕੋਈ ਅਹੁਦਾ ਪੇਸ਼ ਕੀਤਾ ਗਿਆ ਤਾਂ ਉਹ ਪ੍ਰਵਾਨ ਨਹੀਂ ਕਰਨਗੇ। ਰਿਟਾਇਰਮੈਂਟ ਦੇ 9 ਸਾਲ ਬਾਅਦ ਉਨ੍ਹਾ ਨੂੰ ਉਪ ਰਾਸ਼ਟਰਪਤੀ ਨਿਯੁਕਤ ਕੀਤਾ ਗਿਆ ਸੀ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਇਹ ਇਕ ਸੰਵਿਧਾਨਕ ਲੋੜ ਹੈ ਕਿ ਰਿਟਾਇਰਮੈਂਟ ਦੇ ਬਾਅਦ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜ ਘੱਟੋ-ਘੱਟ ਦੋ ਸਾਲ ਸਿਆਸੀ ਨਿਯੁਕਤੀ ਨੂੰ ਸਵੀਕਾਰ ਨਾ ਕਰਨ। ਸੁਪਰੀਮ ਕੋਰਟ ਨੂੰ ਕੇਂਦਰ ਸਰਕਾਰ ਲਈ ਇਹ ਸ਼ਰਤ ਲਾਉਣੀ ਚਾਹੀਦੀ ਹੈ ਕਿ ਰਿਟਾਇਰਮੈਂਟ ਦੇ ਬਾਅਦ ਉਹ ਜੱਜਾਂ ਨੂੰ ਘੱਟੋ-ਘੱਟ ਦੋ ਸਾਲ ਕਿਸੇ ਸਿਆਸੀ ਅਹੁਦੇ 'ਤੇ ਨਿਯੁਕਤ ਨਾ ਕਰੇ। ਉਹ ਜੱਜਾਂ ਨੂੰ ਵੀ ਕਹੇ ਕਿ ਉਹ ਘੱਟੋ-ਘੱਟ ਦੋ ਸਾਲ ਅਰਾਮ ਕਰਨ ਤੋਂ ਬਾਅਦ ਹੀ ਕਿਸੇ ਨਿਯੁਕਤੀ ਨੂੰ ਸਵੀਕਾਰ ਕਰਨ। ਨਿਆਂਪਾਲਿਕਾ ਦੀ ਅਜ਼ਾਦੀ ਪ੍ਰਤੀ ਲੋਕਾਂ ਦੀ ਧਾਰਨਾ ਨੂੰ ਕਿਸੇ ਠੇਸ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਲਾਅ ਕਮਿਸ਼ਨ ਦੀ ਸਿਫਾਰਸ਼ ਲਾਗੂ ਕੀਤੀ ਜਾਵੇ ਜਾਂ ਘੱਟੋ-ਘੱਟ ਸੁਪਰੀਮ ਕੋਰਟ ਹੀ ਕੋਈ ਅਜਿਹਾ ਫੈਸਲਾ ਦੇਵੇ ਕਿ ਜੱਜ ਰਿਟਾਇਰਮੈਂਟ ਤੋਂ ਯਕਦਮ ਬਾਅਦ ਸਿਆਸੀ ਅਹੁਦਾ ਨਾ ਮਨਜ਼ੂਰ ਕਰ ਸਕਣ।

ਟਿੱਪੀ ਬਣੇਗਾ ਛੇਤੀ ਅੱਧਕ !

ਭਾਈਚਾਰਾ ਜੋ ਵੰਨ-ਸੁਵੰਨਤਾ ਦਾ,
ਫਿਰਕਾਪ੍ਰਸਤੀ ਦੇ ਨਾਗ ਨੇ ਡੱਸਿਆ ਏ।
ਲੋਕਤੰਤਰ ਹੁਣ ਬਣ ਗਿਆ ਡਾਂਗ-ਤੰਤਰ,
ਜੰਤਰ ਮੰਤਰ ਦੇ 'ਕਹਿਰ' ਨੇ ਦੱਸਿਆ ਏ।
ਨਾਹਰੇ 'ਬੇਟੀ ਬਚਾਓ' ਦੇ ਲਾਉਂਦਿਆਂ ਨੇ,
ਜੇਤੂ ਕੁੜੀਆਂ ਦਾ ਨਮਦਾ ਹੀ ਕੱਸਿਆ ਏ।
ਧੱਕੇਸ਼ਾਹੀ ਦੀਆਂ ਹੋਈਆਂ ਸ਼ਿਕਾਰ ਧੀਆਂ,
ਹੁਕਮਰਾਨ ਨਿਆਂ ਕਰਨ ਤੋਂ ਨੱਸਿਆ ਏ।
ਚਾਨਣ ਗਿਆਨ ਦਾ ਸਾਰੇ ਸੰਸਾਰ ਅੰਦਰ,
ਪੈ ਰਹੀ ਦੇਸ਼ ਵਿੱਚ ਜਾਪਦੀ 'ਮੱਸਿਆ' ਏ।
ਟਿੱਪੀ' ਬਣਦਾ ਏ 'ਅੱਧਕ' ਜੋ ਅੱਤ ਵਾਲਾ,
ਹਰ ਜ਼ਾਲਮ ਦਾ 'ਹਸ਼ਰ' ਇਉਂ ਦੱਸਿਆ ਏ!

-ਤਰਲੋਚਨ ਸਿੰਘ ਦੁਪਾਲਪੁਰ, 001-408-915-1258

ਸ਼੍ਰੋਮਣੀ ਅਕਾਲੀ ਦਲ ਨੇ ਅਤੀਤ ਤੋਂ ਕੋਈ ਸਬਕ ਨਹੀਂ ਸਿੱਖਿਆ


ਜੰਗ ਸਿੰਘ

ਸ਼੍ਰੋਮਣੀ ਅਕਾਲੀ ਦਲ ਦਾ ਸੌ ਸਾਲ ਤੋਂ ਕੁਝ ਵਧੇਰੇ ਸਮੇਂ ਦਾ ਇਤਿਹਾਸ ਸ਼ਾਨਦਾਰ ਦੇ ਨਾਲ-ਨਾਲ ਕੌੜਾ-ਕੁਸੈਲਾ ਵੀ ਰਿਹਾ ਹੈ। ਇਸ ਦੇ ਆਗੂਆਂ ਦਾ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਤੇ ਬਾਅਦ ਵਿੱਚ ਐਮਰਜੰਸੀ ਵਿਰੁੱਧ ਲੜਾਈ ਲੜਨ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਤੱਕ ਦੇ ਸਮੇਂ ਨੂੰ ਸੁਨਹਿਰੀ ਕਿਹਾ ਜਾ ਸਕਦਾ ਹੈ, ਪਰ ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਉਸ ਦੇ ਪੁੱਤਰ ਸ੍ਰੀ ਸੁਖਬੀਰ ਸਿੰਘ ਬਾਦਲ ਤੇ ਉਸ ਦੇ ਹੋਰ ਪਰਵਾਰਕ ਮੈਂਬਰਾਂ ਦੇ ਹੱਥ ਆਈ ਸੀ, ਪੰਜਾਬ ਤੇ ਸ਼੍ਰੋਮਣੀ ਅਕਾਲੀ ਦਲ ਦੋਵੇਂ ਬਰਬਾਦ ਹੋਣ ਲੱਗ ਪਏ ਸਨ। ਅਸਲ ਵਿੱਚ ਇਸ ਦੇ ਨਿਘਾਰ ਵਿੱਚ ਜਾਣ ਦੀ ਸ਼ੁਰੂਆਤ ਉਦੋਂ ਸ਼ੁਰੂ ਹੋ ਗਈ ਸੀ, ਜਦੋਂ ਇਨ੍ਹਾਂ ਨੇ ਸਿਖਰਾਂ ਦੀ ਪੰਜਾਬ ਵਿਰੋਧੀ ਤੇ ਮਹਾਨ ਸ਼ਾਤਰ ਵਿਉਪਾਰੀ ਜਮਾਤ ਭਾਰਤੀ ਜਨਤਾ ਪਾਰਟੀ ਨਾਲ ਸਮਝੌਤਾ ਕੀਤਾ ਸੀ। ਜਿਨ੍ਹਾਂ ਨੇ ਪੰਜਾਬ ਦਾ ਸਰਬਪੱਖੀ ਘਾਣ ਹੀ ਨਹੀਂ ਕੀਤਾ, ਬਲਕਿ ਸ਼੍ਰੋਮਣੀ ਅਕਾਲੀ ਦਲ ਜਿਸ ਨੂੰ ਪੰਜਾਬ ਦੀ ਖੇਤਰੀ ਪਾਰਟੀ ਕਿਹਾ ਜਾਂਦਾ ਸੀ, ਉਸ ਨੂੰ ਪੰਜਾਬ ਵਿੱਚ ਜ਼ੀਰੋ ਕਰਕੇ ਰੱਖ ਦਿੱਤਾ ਹੈ। ਇਸ ਵੇਲੇ ਪੰਜਾਬ ਦੀ ਤਰਜਮਾਨੀ ਕਰਨ ਵਾਲੀ ਕੋਈ ਵੀ ਪਾਰਟੀ ਨਾ ਹੋਣ ਕਾਰਨ ਇਹ ਗੁਰੂਆਂ, ਪੀਰਾਂ, ਅਵਤਾਰਾਂ, ਪੈਗੰਬਰਾਂ ਦੀ ਧਰਤੀ ਰੱਜ ਕੇ ਜਿੱਥੇ ਕਰਜ਼ਾਈ ਕਰ ਦਿੱਤੀ ਗਈ ਹੈ, ਉਥੇ ਪੰਜਾਬ ਦੀ ਨੌਜੁਆਨੀ ਕੋਲ ਚੰਗੀ ਵਿੱਦਿਆ ਹੋਣ ਦੇ ਬਾਵਜੂਦ ਉਨ੍ਹਾ ਨੂੰ ਨਾ ਤਾਂ ਯੋਗਤਾ ਦੇ ਅਧਾਰ 'ਤੇ ਨੌਕਰੀਆਂ ਦਿੱਤੀਆਂ ਗਈਆਂ ਤੇ ਨਾ ਹੀ ਉਚਿੱਤ ਤਨਖਾਹਾਂ, ਜਿਸ ਕਾਰਨ ਉਨ੍ਹਾਂ ਦੇ ਮਾਪਿਆਂ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਆਪਣੀਆਂ ਜ਼ਮੀਨਾਂ, ਜਾਇਦਾਦਾਂ ਵੇਚ ਕੇ ਬੱਚਿਆਂ ਦੇ ਨਰੋਏ ਤੇ ਉੱਜਲੇ ਭਵਿੱਖ ਲਈ ਵਿਦੇਸ਼ਾਂ ਵਿੱਚ ਭੇਜਣ ਲਈ ਮਜਬੂਰ ਹੋਣਾ ਪਿਆ ਅਤੇ ਵਿਦੇਸ਼ਾਂ ਵਿੱਚ ਭੇਜੇ ਜਾਣ ਦਾ ਇਹ ਰੁਝਾਨ ਨਿਰੰਤਰ ਜਾਰੀ ਹੈ।

ਪੰਜਾਬ ਦੇ ਸਾਰੇ ਸਿਆਸਤਦਾਨ ਸੂਬੇ ਦੇ ਸਰਮਾਏ ਨੂੰ ਦੋਹੀਂ ਹੱਥੀਂ ਲੁੱਟ ਕੇ ਆਪਣੇ ਘਰ ਭਰਦੇ ਰਹੇ ਹਨ। ਉਸੇ ਇਕ ਨੰਬਰ ਦੇ ਖੁਸ਼ਹਾਲ ਰਹਿਣ ਵਾਲੇ ਸੂਬੇ ਪੰਜਾਬ ਨੂੰ ਕਈ ਲੱਖ ਕਰੋੜ ਰੁਪਏ ਦੇ ਕਰਜ਼ਾਈ ਕਰਨ ਦੇ ਨਾਲ ਉਸ ਨੂੰ ਖੁਸ਼ਹਾਲੀ ਪੱਖੋਂ ਦੇਸ਼ ਵਿੱਚ ਸੋਲ੍ਹਵੇਂ ਸਥਾਨ 'ਤੇ ਪਹੁੰਚਾ ਦਿੱਤਾ ਹੈ, ਜਦੋਂ ਕਿ ਪੰਜਾਬ ਵਿੱਚੋਂ ਨਿਕਲ ਕੇ ਬਾਅਦ ਵਿੱਚ ਬਣੇ ਸੂਬੇ ਚਾਹੇ ਉਹ ਹਿਮਾਚਲ ਪ੍ਰਦੇਸ਼ ਸੀ ਜਾਂ ਫਿਰ ਹਰਿਆਣਾ, ਉਹ ਕੇਂਦਰ ਸਰਕਾਰ ਦੀ ਮਿਹਰਬਾਨੀ ਦੀ ਬਦੌਲਤ ਖੁਸ਼ਹਾਲੀ ਪੱਖੋਂ ਪੰਜਾਬ ਤੋਂ ਕਿਤੇ ਅੱਗੇ ਲੰਘਾ ਦਿੱਤੇ ਗਏ ਹਨ। ਅਜ਼ਾਦੀ ਤੋਂ ਬਾਅਦ ਦੇਸ਼ ਵਿੱਚ ਬਣਨ ਵਾਲੀਆਂ ਕੇਂਦਰ ਦੀਆਂ ਸਾਰੀਆਂ ਸਰਕਾਰਾਂ ਚਾਹੇ ਉਹ ਕਾਂਗਰਸ ਦੀ ਸਰਕਾਰ ਸੀ ਜਾਂ ਫਿਰ ਮੌਜੂਦਾ ਭਾਜਪਾ ਸਰਕਾਰ ਹੈ, ਇਸ ਦਾ ਵੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਬਾ-ਦਸਤੂਰ ਜਾਰੀ ਹੈ। ਸ਼੍ਰੋਮਣੀ ਅਕਾਲੀ ਦਲ ਜਿਸ ਦੀ ਲੰਮਾ ਸਮਾਂ ਅਗਵਾਈ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ ਹੈ, ਇਨ੍ਹਾਂ ਨੇ ਵੀ ਭਾਜਪਾ ਦੀ ਡੂੰਘੀ ਚਾਲ ਨੂੰ ਨਾ ਸਮਝਦਿਆਂ ਹੋਇਆਂ ਪੰਜਾਬ ਦਾ ਕੁਝ ਸੰਵਾਰਿਆ ਨਹੀਂ, ਬਲਕਿ ਪੰਜਾਬ ਦਾ ਸਭ ਕੁਝ ਗਵਾਇਆ ਹੀ ਹੈ। ਪੰਜਾਬ ਕੋਲ ਨਾ ਤਾਂ ਇਸ ਦੀ ਆਪਣੀ ਰਾਜਧਾਨੀ ਚੰਡੀਗੜ੍ਹ ਹੈ, ਜਿਹੜੀ ਪੰਜਾਬ ਦੇ ਖਰੜ ਦੇ 28 ਪਿੰਡਾਂ ਨੂੰ ਉਜਾੜ ਕੇ ਵਸਾਈ ਗਈ ਸੀ, ਨਾ ਡੈਮ ਤੇ ਨਾ ਹੀ ਪਾਣੀ। ਸਭ ਕੁਝ ਨੂੰ ਕੇਂਦਰ ਦੀ ਸਰਕਾਰ ਨੇ ਆਪਣੇ ਕੋਲ ਰੱਖਿਆ ਹੋਇਆ ਹੈ। ਇੱਥੇ ਹੀ ਬਸ ਨਹੀਂ, ਬਾਦਲਾਂ ਦੀ ਅਗਵਾਈ ਵਾਲੀ ਸਰਕਾਰ ਨੇ ਤਾਂ ਵਿੱਦਿਆ ਤੇ ਸਿਹਤ ਜਿਹੜੇ ਕਿ ਪ੍ਰਾਂਤ ਦੇ ਵਿਸ਼ੇ ਹਨ, ਉਹ ਵੀ ਭਾਜਪਾ ਨਾਲ ਮਿਲੀ-ਭੁਗਤ ਕਰਕੇ ਕੇਂਦਰ ਦੇ ਹਵਾਲੇ ਕਰ ਦਿੱਤੇ ਹੋਏ ਹਨ। ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਕੇਂਦਰੀ ਸਕੂਲ ਖੋਹਲੇ ਜਾਣ ਕਾਰਨ ਪੰਜਾਬ ਦੇ ਲੋਕਾਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਤੋਂ ਜਿੱਥੇ ਦੂਰ ਕਰ ਦਿੱਤਾ ਗਿਆ ਹੈ, ਉਥੇ ਉਹ ਪੰਜਾਬ ਦਾ ਇਤਿਹਾਸ ਜਿਸ ਵਿੱਚ ਸਿੱਖ ਗੁਰੂ ਸਾਹਿਬਾਨ ਬਾਰੇ ਬੜੀ ਸਾਜ਼ਿਸ਼ ਅਧੀਨ ਬੜਾ ਕੁਝ ਵੀ ਗਲਤ-ਮਲਤ ਲਿਖਿਆ ਹੋਇਆ ਹੈ, ਪੜ੍ਹਨ ਲਈ ਮਜਬੂਰ ਹੋ ਚੁੱਕੇ ਹਨ। ਜਦੋਂ ਕਦੀ ਵੀ ਅਕਾਲੀਆਂ ਦੀ ਗੱਦੀ ਖੁੱਸਦੀ ਰਹੀ ਹੈ, ਉਦੋਂ ਵੀ ਸਿਰਫ ਚੋਣਾਂ ਨੂੰ ਜਿੱਤਣ ਲਈ ਇਨ੍ਹਾਂ ਨੂੰ ਪੰਜਾਬ ਦੇ ਮਸਲੇ ਨਜ਼ਰ ਆਉਂਦੇ ਸਨ, ਜਿਉਂ ਹੀ ਚੋਣਾਂ ਜਿੱਤ ਕੇ ਇਨ੍ਹਾਂ ਨੂੰ ਪੰਜਾਬ ਦੀ ਰਾਜ ਗੱਦੀ ਮੁੜ ਪ੍ਰਾਪਤ ਹੋ ਜਾਂਦੀ ਸੀ, ਫਿਰ ਪੰਜਾਬ ਦੇ ਸਾਰੇ ਮਸਲੇ ਭੁੱਲ ਵਿਸਰ ਜਾਂਦੇ ਰਹੇ ਹਨ। ਪੰਜਾਬ ਦੇ ਵਾਸੀ ਤਾਂ ਪਿਛਲੇ ਕਾਫੀ ਸਮੇਂ ਤੋਂ ਇਸ ਪਾਰਟੀ 'ਤੇ ਇਹ ਹੀ ਦੋਸ਼ ਲਗਾਉਂਦੇ ਆ ਰਹੇ ਹਨ ਕਿ ਪੰਜਾਬ ਤੇ ਕੇਂਦਰ ਵਿੱਚ ਅਕਾਲੀ-ਭਾਜਪਾ ਦਾ ਸਾਂਝਾ ਰਾਜ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦੱਲ ਦੀ ਇਸ ਲੀਡਰਸ਼ਿਪ ਨੇ ਪੰਜਾਬ ਦਾ ਇਕ ਵੀ ਮਸਲਾ ਹੱਲ ਨਹੀਂ ਕਰਵਾਇਆ। ਸਿਰਸੇ ਵਾਲੇ ਸਾਧ ਨੂੰ ਬਿਨ ਮੰਗੇ ਮੁਆਫੀ ਦੇਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਨ ਦਾ ਨਿਆਂ ਨਾ ਮਿਲਣਾ, ਸ੍ਰੀ ਅਕਾਲ ਤਖਤ ਸਾਹਿਬ 'ਤੇ ਸਿੱਖ ਪੰਥ ਦੇ ਹੋਰ ਤਖਤਾਂ ਦੇ ਜਥੇਦਾਰਾਂ ਦੀ ਮਾਣ-ਮਰਿਆਦਾ ਨੂੰ ਆਪਣੇ ਹਿੱਤਾਂ ਵਿੱਚ ਵਰਤਣ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਲੋਕਾਂ ਵਿਸ਼ੇਸ਼ ਕਰਕੇ ਪੰਥਕ ਵੋਟਾਂ ਨੇ ਅਕਾਲੀ ਦਲ ਬਾਦਲ ਨੂੰ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਅਜਿਹਾ ਸਬਕ ਸਿਖਾਇਆ ਕਿ ਪੰਜਾਬ ਵਿੱਚ ਲੰਮਾ ਸਮਾਂ ਰਾਜ ਕਰਨ ਵਾਲੀ ਇਸ ਪਾਰਟੀ ਨੂੰ ਪੰਜਾਬ ਵਿੱਚ ਹੀ ਇਕ ਤਰ੍ਹਾਂ ਦਾ ਜ਼ੀਰੋ ਕਰਕੇ ਰੱਖ ਦਿੱਤਾ ਹੈ, ਇਸ ਦੇ ਬਾਵਜੂਦ ਇਹ ਪਾਰਟੀ ਹਾਲੇ ਤੱਕ ਅੰਦਰਖਾਤੇ ਭਾਜਪਾ ਨਾਲ ਘਿਓ ਖਿਚੜੀ ਹੋਈ ਪ੍ਰਤੀਤ ਹੋ ਰਹੀ ਹੈ, ਜਿਸ ਦਾ ਪ੍ਰਮਾਣ ਹੁਣ ਜਦੋਂ ਦੇਸ਼ ਦੀ ਨਵ-ਨਿਰਮਾਣਿਤ ਪਾਰਲੀਮੈਂਟ ਦੀ ਇਮਾਰਤ ਜਿਸ ਦਾ ਉਦਘਾਟਨ ਸੰਵਿਧਾਨ ਦੇ ਮੁਤਾਬਕ ਦੇਸ਼ ਦੇ ਰਾਸ਼ਟਰਪਤੀ ਵੱਲੋਂ ਕਰਵਾਇਆ ਜਾਣਾ ਚਾਹੀਦਾ ਸੀ, ਉਸ ਦਾ ਉਦਘਾਟਨ ਖੁਦ ਸ੍ਰੀ ਨਰਿੰਦਰ ਮੋਦੀ ਆਪ ਕਰ ਰਹੇ ਹਨ, ਇਥੋਂ ਤੱਕ ਕਿ ਇਸ ਹੋ ਰਹੇ ਸਮਾਗਮ ਵਿੱਚ ਰਾਸ਼ਟਰਪਤੀ ਨੂੰ ਨਾ ਬੁਲਾ ਕੇ ਪਾਰਲੀਮੈਂਟ ਦਾ ਅਪਮਾਨ ਕੀਤਾ ਜਾ ਰਿਹਾ ਹੈ, ਕਿਉਂਕਿ ਪਾਰਲੀਮੈਂਟ ਦਾ ਮੁਖੀ ਪ੍ਰਧਾਨ ਮੰਤਰੀ ਨਹੀਂ ਹੁੰਦਾ, ਬਲਕਿ ਦੇਸ਼ ਦਾ ਰਾਸ਼ਟਰਪਤੀ ਹੁੰਦਾ ਹੈ। ਉਸ ਕੋਲੋਂ ਉਦਘਾਟਨ ਨਾ ਕਰਾਏ ਜਾਣ ਦੇ ਵਿਰੋਧ ਵਿੱਚ ਦੇਸ਼ ਦੀਆਂ ਢਾਈ ਦਰਜਨ ਤੋਂ ਵੱਧ ਦੇਸ਼ ਦੀਆਂ ਮੁੱਖ ਵਿਰੋਧੀ ਰਾਜਨੀਤਕ ਪਾਰਟੀਆਂ ਸਿਰਫ ਵਿਰੋਧ ਹੀ ਨਹੀਂ ਕਰ ਰਹੀਆਂ, ਬਲਕਿ ਉਨ੍ਹਾਂ ਨੇ ਇਸ ਉਦਘਾਟਨੀ ਸਮਾਗਮ ਦਾ ਬਾਈਕਾਟ ਵੀ ਕੀਤਾ ਹੋਇਆ ਹੈ, ਪਰ ਸ਼੍ਰੋਮਣੀ ਅਕਾਲੀ ਦਲ ਨੇ ਸ਼ਾਇਦ ਆਪਣੀ ਜ਼ਮੀਰ ਵੇਚ ਰੱਖੀ ਹੈ, ਉਸ ਨਾਲ ਰਾਜਨੀਤਕ ਮਸਲਿਆਂ 'ਤੇ ਰੋਜ਼ਾਨਾ ਭਾਰਤੀ ਜਨਤਾ ਪਾਰਟੀ ਵੱਲੋਂ ਦੁਰਗਤੀ ਕੀਤੀ ਜਾ ਰਹੀ ਹੈ। ਇਸ ਦੇ ਬਾਵਜੂਦ ਉਹ ਦੇਸ਼ ਦੀਆਂ ਰਾਜਨੀਤਕ ਵਿਰੋਧੀ ਪਾਰਟੀਆਂ ਦੇ ਨਾਲ ਇਸ ਸਮਾਗਮ

1-JUNE-PAGE-5.qxd 5/31/2023 9:37 PM Page 1

ਔਰਤਾਂ 'ਤੇ ਹੋ ਰਹੇ ਜ਼ੁਲਮ ਰੋਕਣ ਲਈ ਪ੍ਰਗਤੀਸ਼ੀਲ ਲੇਖਕ ਅੱਗੇ ਆਉਣ : ਡਾ. ਸੁਭਾਸ਼ ਮਾਨਸਾ

ਸਿਰਸਾ (ਸੁਰਿੰਦਰ ਪਾਲ ਸਿੰਘ)

ਪ੍ਰਗਤੀਸ਼ੀਲ ਲੇਖਕ ਨੂੰ ਸਮਾਜਿਕ ਬੁਰਾਈਆਂ, ਬਦਸਲੂਕੀਆਂ, ਕੱਟੜਵਾਦ, ਸਮਾਜਿਕ-ਆਰਥਿਕ ਅਸਮਾਨਤਾਵਾਂ, ਔਰਤਾਂ ਤੇ ਹੋ ਰਹੇ ਘਿਨਾਉਣੇ ਜ਼ੁਲਮ ਖਿਲਾਫ ਅਤੇ ਵਿਸ਼ਵ ਸ਼ਾਂਤੀ ਸਮੇਤ ਆਪਸੀ ਭਾਈਚਾਰੇ ਪ੍ਰਤੀ ਹਮੇਸ਼ਾ ਵਚਨਬੱਧ ਹੋਣਾ ਚਾਹੀਦਾ ਹੈ।ਇਹ ਕਹਿਣਾ ਹੈ ਪ੍ਰਲੇਸ ਹਰਿਆਣਾ ਦੇ ਪ੍ਰਧਾਨ ਡਾ. ਸੁਭਾਸ਼ ਮਾਨਸਾ ਦਾ। ਉਹ ਸਿਰਸਾ ਦੇ ਸ੍ਰੀ ਯੁਵਕ ਸਾਹਿਤ ਸਦਨ ਵਿਖੇ ਸੰਘਰਸ਼ਸ਼ੀਲ ਮਹਿਲਾ ਖਿਡਾਰੀਆਂ ਨੂੰ ਸਮਰਪਤ ਸਾਹਿਤਕ ਪ੍ਰੋਗਰਾਮ ਤੇ ਕਿਤਾਬ-ਰਿਲੀਜ਼ ਸੈਮੀਨਾਰ ਵਿੱਚ ਆਪਣੇ ਵਿਚਾਰ ਪ੍ਰਗਟ ਕਰ ਰਹੇ ਸਨ।

ਉਨ੍ਹਾਂ ਇੰਡੀਅਨ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ (ਪ੍ਰਲੇਸ) ਵੱਲੋਂ ਸੰਘਰਸ਼ਸ਼ੀਲ ਮਹਿਲਾ ਖਿਡਾਰਨਾਂ ਦੀ ਲਹਿਰ ਨੂੰ ਪੂਰਨ ਸਹਿਯੋਗ ਦਾ ਸੱਦਾ ਦਿੱਤਾ।ਪ੍ਰੋਗਰਾਮ ਦੀ ਸ਼ੁਰੂਆਤ ਮਹਿਕ ਭਾਰਤੀ ਦੁਆਰਾ ਇਨਕਲਾਬੀ ਗੀਤ ਨਾਲ ਹੋਈ।ਪ੍ਰਲੇਸ ਸਿਰਸਾ ਦੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿਰੜੀ ਵੱਲੋਂ ਸਮਾਗਮ ਦੀ ਰੂਪ-ਰੇਖਾ ਤੋਂ ਜਾਣੂ ਕਰਾਉਣ ਉਪਰੰਤ ਈਸ਼ਾਨਜੋਤ ਕੌਰ ਨੇ ਸੰਘਰਸ਼ਸ਼ੀਲ ਮਹਿਲਾ ਖਿਡਾਰੀਆਂ ਦੇ ਸਮਰਥਨ ਵਿੱਚ ਮਤਾ ਪੇਸ਼ ਕੀਤਾ, ਜਿਸਨੂੰ ਸਦਨ ਵੱਲੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਲੇਸ ਹਰਿਆਣਾ ਦੇ ਪ੍ਰਧਾਨ ਡਾ. ਸੁਭਾਸ਼ ਮਾਨਸਾ, ਮੀਤ ਪ੍ਰਧਾਨ ਪਰਮਾਨੰਦ ਸ਼ਾਸਤਰੀ, ਜਨਰਲ ਸਕੱਤਰ ਡਾ. ਹਰਵਿੰਦਰ ਸਿੰਘ ਸਿਰਸਾ, ਸੰਗਠਨ ਸਕੱਤਰ ਪ੍ਰੋ. ਜਸ, ਐਸ.ਜ਼ੈੱਡ.ਐਚ.ਨਕਵੀ, ਪ੍ਰਲੇਸ ਸਿਰਸਾ ਦੇ ਪ੍ਰਧਾਨ ਡਾ. ਗੁਰਪ੍ਰੀਤ ਸਿੰਘ ਸਿੰਧਰਾ ਤੇ ਸਕੱਤਰ ਡਾ. ਸ਼ੇਰ ਚੰਦ ਨੇ ਕੀਤੀ। ਸਮਾਗਮ ਦੌਰਾਨ ਸਿਰਸਾ ਦੇ ਕਵੀਆਂ ਦੇ ਕਾਵਿ ਸੰਗ੍ਰਹਿ 'ਹਰਭਗਵਾਨ ਚਾਵਲਾ : ਚੋਣਵੀਆਂ ਕਵਿਤਾਵਾਂ', 'ਸੁਰੇਸ਼ ਬਰਨਵਾਲ : ਚੋਣਵੀਆਂ ਕਵਿਤਾਵਾਂ', 'ਵਰਿੰਦਰ ਭਾਟੀਆ : ਚੋਣਵੀਆਂ ਕਵਿਤਾਵਾਂ' ਦੇ ਨਾਲ-ਨਾਲ ਪਰਮਾਨੰਦ ਸ਼ਾਸ਼ਤਰੀ ਦੇ ਫ਼ਰਜ਼ੰਦ ਅਲੀ ਦੇ ਪੰਜਾਬੀ ਨਾਵਲ 'ਭੁੱਬਲ' ਦਾ ਹਿੰਦੀ ਅਨੁਵਾਦ ਵੀ ਕੀਤਾ ਗਿਆ।ਪ੍ਰਲੇਸ ਹਰਿਆਣਾ ਦੇ ਜਨਰਲ ਸਕੱਤਰ ਡਾ. ਹਰਵਿੰਦਰ ਸਿੰਘ ਸਿਰਸਾ ਨੇ ਰਿਲੀਜ਼ ਹੋਏ ਕਾਵਿ ਸੰਗ੍ਰਹਿ ਤੇ ਆਲੋਚਨਾਤਮਕ ਟਿੱਪਣੀ ਕਰਦਿਆਂ ਇਸ ਨੂੰ ਹਿੰਦੀ ਸਾਹਿਤ ਜਗਤ ਲਈ ਵਿਸ਼ੇਸ਼ ਪ੍ਰਾਪਤੀ ਦੱਸਿਆ।ਡਾ. ਗੁਰਪ੍ਰੀਤ ਸਿੰਘ ਸਿੰਧਰਾ ਨੇ ਕਿਹਾ ਕਿ ਇਹ ਪੁਸਤਕਾਂ ਖੋਜਾਰਥੀਆਂ ਲਈ ਵੀ ਲਾਹੇਵੰਦ ਸਾਬਤ ਹੋਣਗੀਆਂ। ਪ੍ਰੋਗਰਾਮ ਦਾ ਸੰਚਾਲਨ ਡਾ. ਸ਼ੇਰ ਚੰਦ ਨੇ ਕੀਤਾ ਅਤੇ ਪਰਮਾਨੰਦ ਸ਼ਾਸ਼ਤਰੀ ਨੇ ਪ੍ਰਲੇਸ ਦੀ ਤਰਫੋਂ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ।ਇਸ ਮੌਕੇ ਭਗਵੰਤ ਸਿੰਘ ਸੇਠੀ, ਅਮਨਦੀਪ ਸਿੰਘ ਆਇਲਕੀ ਐਡਵੋਕੇਟ, ਪ੍ਰੋ. ਰੂਪ ਦੇਵਗੁਣ, ਰਾਜ ਕੁਮਾਰ ਨਿਜਾਤ, ਪ੍ਰਵੀਨ ਬਾਗਲਾ, ਡਾ. ਹਰਰਤਨ ਸਿੰਘ ਗਾਂਧੀ, ਡਾ. ਦਿਲਬਾਗ ਸਿੰਘ ਵਿਰਕ, ਡਾ. ਮੰਗੇ ਸਿੰਘ, ਗਿਆਨ ਪ੍ਰਕਾਸ਼ ਪਿਯੂਸ਼, ਹਰੀਸ਼ ਸੇਠੀ ਝਿਲਮਿਲ, ਲਾਜ ਪੁਸ਼ਪ, ਜੋਗਿੰਦਰ ਸਿੰਘ ਮੁਕਤਾ, ਪੂਰਨ ਸਿੰਘ ਨਿਰਾਲਾ, ਪ੍ਰੋ. ਬਹਾਦਰ ਸਿੰਘ, ਮਹਿੰਦਰ ਸਿੰਘ ਨਾਗੀ, ਕਾ. ਜਗਰੂਪ ਸਿੰਘ ਚੌਬੁਰਜਾ, ਗੁਰਤੇਜ ਸਿੰਘ ਬਰਾੜ ਐਡਵੋਕੇਟ, ਰਮੇਸ਼ ਸ਼ਾਸਤਰੀ, ਹੀਰਾ ਸਿੰਘ, ਸੁਰਜੀਤ ਸਿੰਘ ਰੇਣੂ, ਕਾ. ਤਿਲਕ ਰਾਜ ਵਿਨਾਇਕ, ਵਿਸ਼ਾਲ ਵਤਸ, ਅਨੀਸ਼ ਕੁਮਾਰ, ਹਰਜੀਤ ਸਿੰਘ, ਮੇਜਰ ਸ਼ਕਤੀਰਾਜ ਕੌਸ਼ਿਕ, ਸ਼ੀਲ ਕੌਸ਼ਿਕ, ਡਾ. ਹਰਵਿੰਦਰ ਕੌਰ, ਛਿੰਦਰ ਕੌਰ ਸਿਰਸਾ, ਸੁਮਨ ਕੰਬੋਜ, ਈਸ਼ਾਨਜੋਤ ਕੌਰ, ਮੁਸਕਾਨ, ਪ੍ਰਭਪ੍ਰੀਤ ਕੌਰ, ਜਸਪ੍ਰੀਤ ਕੌਰ, ਗੁਰਦੀਪ ਕੌਰ, ਕਰਮਜੀਤ ਕੌਰ, ਡਾ. ਕੌਰ, ਨਿਸ਼ਾ, ਜੋਤੀ, ਹਰਜੀਤ ਕੌਰ, ਰਾਜਦੀਪ ਕੌਰ, ਲਵਪ੍ਰੀਤ ਸੰਧੂ, ਉਦੈ ਸਿੰਘ ਸੰਧੂ, ਹਰਪ੍ਰੀਤ ਸਿੰਘ, ਰਾਜਵੀਰ ਸਿੰਘ, ਅਸ਼ੀਸ਼ ਸੇਠੀ, ਰਜਨੀਸ਼, ਗੁਰਤੇਜ ਸਿੰਘ, ਜਨਕ ਰਾਜ ਸਮੇਤ ਇਲਾਕੇ ਦੇ ਚਿੰਤਕਾਂ, ਬੁੱਧੀਜੀਵੀਆਂ, ਲੇਖਕਾਂ, ਪਾਠਕਾਂ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਆਪਣੀ ਹਾਜ਼ਰੀ ਦਰਜ ਕਰਾਈ।

ਮਜ਼ਦੂਰ ਮੁਕਤੀ ਮੋਰਚਾ ਚੰਨੀ ਦੀ ਕਰੇਗਾ ਹਮਾਇਤ : ਸਮਾਓ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਦੀ ਮਾਨ ਸਰਕਾਰ ਵੱਲੋਂ ਤਿੰਨ ਮਹੀਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਭ੍ਰਿਸ਼ਟਾਚਾਰ ਦੇ ਝੂਠੇ ਦੋਸ਼ ਲਗਾ ਕੇ ਬਦਨਾਮ ਕਰਨ ਦੀਆਂ ਸਾਜਿਸ਼ਾਂ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਸਮੁੱਚੇ ਦਲਿਤ ਸਮਾਜ ਨੂੰ ਸਾਬਕਾ ਮੁੱਖ ਮੰਤਰੀ ਚੰਨੀ ਦੇ ਨਾਲ ਖੜ੍ਹਨ ਦੀ ਅਪੀਲ ਕੀਤੀ ਹੈ ਤਾਂ ਜੋ ਮੁੱਖ ਮੰਤਰੀ ਮਾਨ ਦੀ ਨਫਰਤ ਭਰੀ ਜਾਤੀਵਾਦੀ ਸੋਚ ਨੂੰ ਚਕਨਾਚੂਰ ਕੀਤਾ ਜਾ ਸਕੇ। ਪ੍ਰੈਸ ਬਿਆਨ ਜਾਰੀ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕਿਹਾ ਪੰਜਾਬ ਦੀ ਮਾਨ ਸਰਕਾਰ ਆਰ ਐਸ ਐਸ ਦੇ ਇਸ਼ਾਰੇ 'ਤੇ ਸਾਬਕਾ ਮੁੱਖ ਮੰਤਰੀ ਚੰਨੀ ਨੂੰ ਨਿਸ਼ਾਨਾ ਬਣਾ ਰਹੀ ਹੈ। ਕਿਉਂਕਿ ਪਿਛਲੇ ਸਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੀ ਰੈਲੀ ਵਿਚ ਸ਼ਾਮਲ ਹੋਣ ਆਏ ਅਤੇ ਸੁਰੱਖਿਆ ਦਾ ਬਹਾਨਾ ਬਣਾ ਕੇ ਵਾਪਸ ਮੁੜਨ ਸਮੇਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਪੰਜਾਬ ਤੇ ਪੰਜਾਬੀਆਂ ਨੂੰ ਬਦਨਾਮ ਕਰਨ ਦੇ ਦਿੱਤੇ ਬਿਆਨ ਸਮੇਂ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਪੰਜਾਬ ਦੇ ਹੱਕ ਵਿੱਚ ਡਟ ਕੇ ਖੜ੍ਹੇ ਸਨ। ਉਨ੍ਹਾਂ ਕਿਹਾ ਜੇਕਰ ਤਿੰਨ ਮਹੀਨੇ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠ ਚੰਨੀ ਪੰਜਾਬ ਨੂੰ ਲੁੱਟ ਸਕਦਾ ਹੈ ਤਾਂ ਫਿਰ ਦਹਾਕਿਆਂ ਬੱਧੀ ਰਾਜ ਕਰਨ ਵਾਲੇ ਬਾਦਲ ਅਤੇ ਕੈਪਟਨ ਕਿਵੇਂ ਦੁੱਧ ਧੋਤੇ ਹੋਏ। ਉਨ੍ਹਾਂ ਕਿਹਾ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਭ੍ਰਿਸ਼ਟਾਚਾਰੀ ਲੋਕਾਂ ਦੀ ਹਮਾਇਤ ਨਹੀਂ ਕਰਦਾ, ਜੇਕਰ ਚੰਨੀ ਨੇ ਭ੍ਰਿਸ਼ਟਾਚਾਰ ਕੀਤਾ ਤਾਂ ਗ੍ਰਿਫਤਾਰ ਕਰਕੇ ਜ਼ਰੂਰ ਜੇਲ੍ਹ ਭੇਜੋ ਪਰ ਮੁੱਖ ਮੰਤਰੀ ਮਾਨ ਨੂੰ ਬਾਦਲ, ਕੈਪਟਨ ਵੱਲੋਂ ਪੰਜਾਬ ਨੂੰ ਲੁੱਟ ਕੇ ਦੇਸ਼ ਵਿਦੇਸ਼ਾਂ ਵਿੱਚ ਬਣਾਈ ਜਾਇਦਾਦ ਕਿਉਂ ਨਹੀਂ ਦਿਖਈ ਦਿੰਦੀ। ਉਨ੍ਹਾਂ ਕਿਹਾ ਸਾਬਕਾ ਮੁੱਖ ਮੰਤਰੀ ਚੰਨੀ ਵੱਲੋਂ ਬੇਜ਼ਮੀਨੇ ਦਲਿਤਾਂ ਨੂੰ ਅਲਾਟ ਕੀਤੇ ਪੰਜ ਪੰਜ ਮਰਲੇ ਪਲਾਟਾਂ ਦੇ ਕਬਜ਼ੇ ਇਸ ਕਰਕੇ ਨਹੀਂ ਦਿੱਤੇ ਜਾ ਰਹੇ ਕਿਉਂਕਿ ਵੰਡੀਆਂ ਗਈਆਂ ਸਨਦਾਂ 'ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਤਸਵੀਰ ਲੱਗੀ ਹੋਈ ਹੈ। ਉਨ੍ਹਾਂ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਚੰਨੀ ਨੇ ਦਲਿਤ ਮਜ਼ਦੂਰਾਂ ਨੂੰ ਸੁਸਾਇਟੀਆਂ ਦੇ ਮੈਂਬਰ ਬਣਾਉਣ ਦੇ ਆਦੇਸ਼ ਜਾਰੀ ਕੀਤੇ ਸਨ ਪਰ ਸਿਸਟਮ ਵਿੱਚ ਬੈਠੇ ਦਲਿਤ ਮਜ਼ਦੂਰ ਵਿਰੋਧੀਆਂ ਵੱਲੋਂ ਇਹ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਹੋਣ ਦਿੱਤਾ ਗਿਆ। ਇਸ ਲਈ ਚੰਨੀ ਨੂੰ ਦਲਿਤ ਭਾਈਚਾਰੇ ਵਿੱਚੋਂ ਹੋਣ ਕਰਕੇ ਗਿਣੀ ਮਿੱਥੀ ਸਾਜ਼ਸ਼ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਸਾਬਕਾ ਮੁੱਖ ਮੰਤਰੀ ਚੰਨੀ ਦਾ ਡਟ ਕੇ ਸਾਥ ਦੇਵੇਗਾ।

ਵਿਦਿਆਰਥੀਆਂ ਸਿਰ ਮੜ੍ਹੇ ਲੱਖਾਂ ਰੁਪਏ ਮੁਆਫ ਕਰਵਾਉਣ ਲਈ ਡੀ ਟੀ ਐੱਫ ਵਫਦ ਪ੍ਰੀਖਿਆ ਕੰਟਰੋਲਰ ਨੂੰ ਮਿਲਿਆ

ਮੋਗਾ (ਅਮਰਜੀਤ ਬੱਬਰੀ)-ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦਾ ਸੂਬਾਈ ਵਫਦ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਪੰਜਾਬ ਦੇ ਲਗਭਗ 15 ਸਕੂਲਾਂ ਨੂੰ ਦਸਵੀਂ ਦੇ ਵਿਦਿਆਰਥੀਆਂ ਦਾ ਸਰੀਰਕ ਸਿੱਖਿਆ ਵਿਸ਼ੇ ਦਾ ਕੋਡ ਬੋਰਡ ਵੱਲੋਂ ਪਾਏ ਭੁਲੇਖੇ ਤਹਿਤ ਗਲਤ ਭਰੇ ਜਾਣ ਕਾਰਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਉਨ੍ਹਾਂ ਨੂੰ ਲੱਖਾਂ ਰੁਪਏ ਦੇ ਕੀਤੇ ਗਏ ਜੁਰਮਾਨੇ (ਹਰ ਵਿਦਿਆਰਥੀ ਨੂੰ 6500 ਰੁਪਏ) ਦੇ ਸੰਬੰਧ ਵਿੱਚ ਬੋਰਡ ਦੇ ਕੰਟਰੋਲਰ ਪ੍ਰੀਖਿਆਵਾਂ ਜਨਕ ਰਾਜ ਮਹਿਰੋਕ ਨੂੰ ਮਿਲਿਆ ਅਤੇ ਇਨ੍ਹਾਂ ਜੁਰਮਾਨਿਆਂ ਨੂੰ ਮੁਆਫ ਕਰਨ ਦੀ ਮੰਗ ਕੀਤੀ। ਇਸ ਮੁੱਦੇ 'ਤੇ ਕੰਟਰੋਲਰ ਦਾ ਵਿਹਾਰ ਬਹੁਤ ਗੈਰ ਜ਼ਿੰਮੇਵਾਰ ਅਤੇ ਨਕਾਰਾਤਮਕ ਰਿਹਾ। ਇਸ ਮਸਲੇ ਦਾ ਕੋਈ ਵੀ ਠੋਸ ਹੱਲ ਕੱਢਣ ਦੀ ਥਾਂ ਉਸ ਨੇ ਮੁੱਦੇ ਤੋਂ ਹਟਵੀਂ ਬਹਿਸਬਾਜ਼ੀ ਵਿੱਚ ਆਗੂਆਂ ਦਾ ਸਮਾਂ ਬਰਬਾਦ ਕੀਤਾ। ਇਸ ਤੋਂ ਬਾਅਦ ਵਫਦ ਡਾ. ਸਤਵੀਰ ਬੇਦੀ ਚੇਅਰਮੈਨ ਦੀ ਗੈਰ ਮੌਜੂਦਗੀ ਵਿੱਚ ਉਸ ਦੇ ਪੀ ਏ ਨੂੰ ਮਿਲਿਆ। ਉਹ ਜਥੇਬੰਦੀ ਨਾਲ ਬਹੁਤ ਅਸੱਭਿਅਕ ਢੰਗ ਨਾਲ ਪੇਸ਼ ਆਇਆ। ਜਥੇਬੰਦੀ ਇਨ੍ਹਾਂ ਦੋਵਾਂ ਅਧਿਕਾਰੀਆਂ ਦੇ ਵਿਹਾਰ ਦੀ ਅਤੇ ਬੋਰਡ ਵੱਲੋਂ ਸਮਾਜ ਦੇ ਹਾਸ਼ੀਏ ਤੋਂ ਬਾਹਰ ਧੱਕੇ ਵਰਗ, ਗਰੀਬ ਵਰਗ ਦੇ ਵਿਦਿਆਰਥੀਆਂ ਦੀ ਕੀਤੀ ਜਾ ਰਹੀ ਬੇਕਿਰਕ, ਬੇਰਹਿਮ ਲੁੱਟ ਦੀ ਸਖਤ ਸ਼ਬਦਾਂ ਵਿਚ ਨਿੰਦਿਆ ਕਰਦੀ ਹੈ। ਡੀ ਟੀ ਐੱਫ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਉਹ ਬੋਰਡ ਦੇ ਇਸ ਲੁੱਟ-ਤੰਤਰ ਨੂੰ ਕਾਬੂ ਕਰੇ। ਆਮ ਆਦਮੀ ਦੀ ਸਰਕਾਰ ਹੋਣ ਦਾ ਦਾਅਵਾ ਕਰਨ ਵਾਲੀ ਪੰਜਾਬ ਸਰਕਾਰ ਦੇ ਰਾਜ ਵਿੱਚ ਮਾਮੂਲੀ ਗਲਤੀ ਲਈ, ਜਿਸ ਦੇ ਲਈ ਬੋਰਡ ਵੀ ਜ਼ਿੰਮੇਵਾਰ ਹੈ, ਗਰੀਬ ਵਿਦਿਆਰਥੀਆਂ ਤੋਂ ਇੱਕ ਤੋਂ 6500 ਰੁਪਏ ਵਸੂਲ ਕੇ ਕਿੰਨੇ ਹੀ ਸਕੂਲਾਂ ਨੂੰ ਕਈ ਕਈ ਲੱਖ ਰੁਪਏ ਭਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜੁਰਮਾਨਾ ਨਾ ਭਰਨ 'ਤੇ ਵਿਦਿਆਰਥੀਆਂ ਦੇ ਡਿਟੇਲ ਮਾਰਕਸ ਕਾਰਡ ਰੋਕਣ ਦੀ ਧਮਕੀ ਦਿੱਤੀ ਜਾ ਰਹੀ ਹੈ।

ਡੀ ਟੀ ਐੱਫ ਪੰਜਾਬ ਸੂਬਾ ਸਰਕਾਰ ਤੋਂ ਸਕੂਲਾਂ ਦੇ ਵਿਦਿਆਰਥੀਆਂ ਦੇ ਉਕਤ ਜੁਰਮਾਨੇ ਪੂਰੀ ਤਰ੍ਹਾਂ ਮੁਆਫ ਕਰਨ ਅਤੇ ਅਧਿਆਪਕਾਂ ਦੀ ਪ੍ਰਤੀਨਿਧ ਜਥੇਬੰਦੀ ਦੇ ਆਗੂਆਂ ਨਾਲ ਅਸੱਭਿਅਕ ਵਿਹਾਰ ਕਰਨ ਵਾਲੇ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕਰਦਾ ਹੈ। ਇਸ ਮੌਕੇ ਡੀ ਟੀ ਐੱਫ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ, ਪਰਵਿੰਦਰ ਉੱਭਾਵਾਲ, ਯਾਦਵਿੰਦਰ ਧੂਰੀ ਅਤੇ ਗੁਰਪ੍ਰੀਤ ਪਸ਼ੌਰੀਆ ਹਾਜ਼ਰ ਸਨ।

ਕਾਤਰਾਂ

ਹੋਲੀ ਹਾਰਟ ਸਕੂਲ ਦਾ 10ਵੀਂ ਜਮਾਤ ਦਾ ਨਤੀਜਾ ਸੌ ਫ਼ੀਸਦੀ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਹੋਲੀ ਹਾਰਟ ਪਬਲਿਕ ਸਕੂਲ ਦਾ 10ਵੀਂ ਜਮਾਤ ਦਾ ਨਤੀਜਾ ਸੌ ਫ਼ੀਸਦੀ ਰਿਹਾ। ਸਕੂਲ ਦੇ ਸਾਰੇ ਹੀ ਵਿਦਿਆਰਥੀ ਫਸਟ ਡਵੀਜਨ ਵਿੱਚ ਪਾਸ ਹੋਏ। ਸਕੂਲ 'ਚੋਂ ਹਰਦੀਪ ਸਿੰਘ ਨੇ 550 (84%) ਅੰਕਾਂ ਨਾਲ ਪਹਿਲਾ, ਨਵਦੀਪ ਕੌਰ ਨੇ 541 (83%) ਅੰਕਾਂ ਨਾਲ ਦੂਜਾ ਤੇ ਰਮਨਦੀਪ ਕੌਰ ਨੇ 529 (81%) ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਐਮ. ਡੀ. ਅਜੇ ਜਿੰਦਲ ਅਤੇ ਮੁੱਖ ਅਧਿਆਪਕ ਦਹੂਦ ਸਿੰਘ ਨੇ ਰਿਜਲਟ ਵਧੀਆ ਆਉਣ 'ਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਦਿਆਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਪੀੜਤ ਬੱਚੀਆਂ ਨੂੰ ਇਨਸਾਫ ਦਿਵਾਉਣ ਲਈ ਵਫਦ ਥਾਣਾ ਮੁਖੀ ਨਾਲ ਕਰੇਗਾ ਮੁਲਾਕਾਤ : ਮੱਲ੍ਹਾ

ਹਠੂਰ (ਨਛੱਤਰ ਸਿੰਘ ਸੰਧੂ)-15 ਮਈ ਦੀ ਸ਼ਾਮ ਨੂੰ ਪਿੰਡ ਮੱਲ੍ਹਾ ਦੇ ਰਾਜਵੀਰ ਸਿੰਘ ਦੇ ਘਰ ਉਪਰ ਉਨ੍ਹਾਂ ਦੇ ਗੁਆਂਢੀ ਸਾਬਕਾ ਪੰਚ ਕਾਲਾ ਸਿੰਘ ਅਤੇ ਭਰਾ ਭੋਲਾ ਸਿੰਘ, ਹਰਪ੍ਰੀਤ ਸਿੰਘ, ਗੱਗਾ ਨੇ ਇੱਟਾਂ ਨਾਲ ਹਮਲਾ ਕਰ ਦਿੱਤਾ। ਜਿਸ ਨਾਲ ਰਾਜਵੀਰ ਸਿੰਘ ਦੀਆਂ ਦੋ ਲੜਕੀਆਂ 5 ਸਾਲ ਅਤੇ ਦੂਸਰੀ 7 ਸਾਲ ਦੇ ਸਿਰਾਂ ਵਿੱਚ ਸੱਟਾਂ ਮਾਰੀਆਂ। 5 ਸਾਲਾ ਬੱਚੀ ਦੀ ਖੋਪੜੀ 'ਚ ਸੱਟ ਲੱਗੀ। ਹੱਡੀ ਟੁੱਟੀ ਹੋਈ ਹੋਣ ਕਾਰਨ ਅੱਖਾਂ ਜਾਂ ਕੰਨਾਂ ਵਿਚ ਕੋਈ ਸਮੱਸਿਆ ਆ ਸਕਦੀ ਹੈ। ਇਹ ਵੀ ਦੱਸਿਆ ਗਿਆ ਕਿ ਇਸ ਬੱਚੀ ਨੂੰ ਦੌਰੇ ਵੀ ਪੈਣ ਲੱਗ ਜਾਣ ਦੀ ਵੀ ਸ਼ੰਕਾ ਜਤਾਈ ਹੈ। ਇਹ ਮਾਮਲਾ ਸਰਵਜਨ ਸੇਵਾ ਪਾਰਟੀ ਦੇ ਸੂਬਾ ਪ੍ਰਧਾਨ ਗੁਰਸੇਵਕ ਸਿੰਘ ਮੱਲ੍ਹਾ ਦੇ ਧਿਆਨ ਵਿੱਚ ਲਿਆਂਦਾ ਗਿਆ, ਜਿਸ ਨੂੰ ਪਾਰਟੀ ਨੇ ਕਾਨੂੰਨੀ ਕਾਰਵਾਈ ਲਈ ਹਾਈਕੋਰਟ ਚੰਡੀਗੜ੍ਹ ਆਪਣੇ ਵਕੀਲ ਇੰਦਰਜੀਤ ਸ਼ਰਮਾ ਰਾਹੀਂ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਦੱਸਿਆ ਕਿ ਸਾਡੀ ਪਾਰਟੀ ਦਾ ਵਫਦ ਥਾਣਾ ਮੁਖੀ ਹਠੂਰ ਨਾਲ ਗੱਲਬਾਤ ਕਰਨ ਉਪਰੰਤ ਅਗਲੀ ਕਾਰਵਾਈ ਦੀ ਰੂਪ ਰੇਖਾ ਤਿਆਰ ਕਰੇਗਾ।

ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਟਿੱਬੀ ਸਾਹਿਬ 'ਚ ਚੋਰੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼ਹਿਰ ਦੇ ਜਲਾਲਾਬਾਦ ਰੋਡ ਬਾਈਪਾਸ 'ਤੇ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਟਿੱਬੀ ਸਾਹਿਬ ਨੂੰ ਨਿਸ਼ਾਨਾ ਬਣਾਉਂਦਿਆਂ ਚੋਰਾਂ ਨੇ ਕੰਪਿਊਟਰ, ਯੂ ਪੀ ਐਸ, ਡੀ ਪੀ ਆਰ, ਸਾਊਂਡ ਸਿਸਟਮ, ਐਂਪਲੀਫਾਈਰ ਸਮੇਤ ਸਕੂਲ 'ਚ ਲੱਗੇ ਸੀ ਸੀ ਟੀ ਵੀ ਕੈਮਰਿਆਂ 'ਤੇ ਹੱਥ ਸਾਫ ਕਰ ਦਿੱਤਾ। ਸਕੂਲ ਦੇ ਮੁੱਖ ਅਧਿਆਪਕ ਨਵਦੀਪ

page-6-1-(JUNE)-2023-G-(BV).qxd 5/31/2023 9:39 PM Page 1

ਡੇਰਾ ਬਾਬਾ ਨਾਨਕ ਤੇ ਕੋਟਲੀ ਸੂਰਤ ਮੱਲ੍ਹੀ ਪੁਲਸ ਨੇ ਸਰਚ ਮੁਹਿੰਮ ਚਲਾਈ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪੁਲਸ ਜ਼ਿਲਾ ਬਟਾਲਾ ਅਧੀਨ ਆਉਂਦੇ ਪੁਲਸ ਥਾਣਾ ਡੇਰਾ ਬਾਬਾ ਨਾਨਕ ਤੇ ਪੁਲਸ ਥਾਣਾ ਕੋਟਲੀ ਸੂਰਤ ਮੱਲ੍ਹੀ ਦੀ ਪੁਲਸ ਵੱਲੋਂ ਡੀਐੱਸਪੀ ਰਵਿੰਦਰ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਅੰਦਰ ਸਰਚ ਅਭਿਆਨ ਚਲਾਇਆ ਗਿਆ। ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਡੀ. ਐਸ. ਪੀ. ਰਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਇਹ ਸਰਚ ਅਭਿਆਨ ਚਲਾਇਆ ਗਿਆਂ ਹੈ। ਉਨ੍ਹਾਂ ਕਿਹਾ ਕਿ ਇਸ ਸਰਚ ਮੁਹਿੰਮ ਮੌਕੇ 7 ਨਾਮਵਰ ਕਰੀਮੀਨਲ ਵਿਅਕਤੀਆਂ ਦੇ ਘਰਾਂ ਦੀ ਛਾਣਬੀਣ ਕੀਤੀ ਗਈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਸਰਚ ਅਭਿਆਨ ਦੌਰਾਨ ਕੁਝ ਵੀ ਬਰਾਮਦ ਨਹੀਂ ਹੋਇਆ ਪਰ ਇਸ ਮੌਕੇ ਘਰਾਂ ਵਿੱਚ ਜਾ ਕੇ ਇਨ੍ਹਾਂ ਕਰੀਮੀਨਲ ਲੋਕਾਂ ਦੇ ਪਰਿਵਾਰਾਂ ਤੇ ਬੱਚਿਆਂ ਨੂੰ ਵੀ ਜਾਗਰੂਕ ਕਰਕੇ ਇਹ ਰਸਤਾ ਤਿਆਗਣ ਤੇ ਆਮ ਲੋਕਾਂ ਵਰਗੀ ਜ਼ਿੰਦਗੀ ਜਿਊਣ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਕਿਸੇ ਵੀ ਭੈੜੇ ਅਨਸਰ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ ਤੇ ਕਰੀਮੀਨਲ ਵਿਅਕਤੀਆਂ ਨੂੰ ਜਲਦ ਕਾਬੂ ਕਰਕੇ ਜੇਲਾਂ ਅੰਦਰ ਬੰਦ ਕੀਤਾ ਜਾਵੇਗਾ। ਇਸ ਮੌਕੇ ਮੈਡਮ ਦਿਲਪ੍ਰੀਤ ਕੌਰ ਐੱਸਐੱਚਓ ਡੇਰਾ ਬਾਬਾ ਨਾਨਕ ਤੇ ਐੱਸਐੱਚਓ ਥਾਣਾ ਕੋਟਲੀ ਸੂਰਤ ਮੱਲ੍ਹੀ ਵੀ ਹਾਜ਼ਰ ਸਨ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਰਲੀ ਵਿਖੇ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਅਤੇ ਜ਼ਿਲਾ ਨੋਡਲ ਅਫਸਰ ਡਾ. ਸੁਖਜਿੰਦਰ ਸਿੰਘ ਗੋਰਾਇਆ ਦੇ ਰਹਿਨੁਮਾਈ ਹੇਠ ਸੀਨੀਅਰ ਮੈਡੀਕਲ ਅਫਸਰ, ਸੁਰਸਿੰਘ ਡਾ. ਕੁਲਤਾਰ ਸਿੰਘ ਦੀ ਯੋਗ ਅਗਵਾਈ ਹੇਠ ਬੁੱਧਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਾਰਲੀ ਵਿਖੇ ਵਿਸ਼ਵ ਤੰਬਾਕੂ ਰਹਿਤ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਿਹਤ ਕਰਮੀਆਂ ਤੋਂ ਇਲਾਵਾ ਸਕੂਲੀ ਵਿਦਿਆਰਥੀਆਂ ਵੱਲੋਂ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਭਾਸ਼ਣ ਦੇਣ ਦੇ ਨਾਲ-ਨਾਲ ਨਾਟਕ ਖੇਡਿਆ ਗਿਆ। ਵਿਦਿਆਰਥੀਆਂ ਨੇ ਤੰਬਾਕੂ ਦੇ ਵਿਰੁੱਧ ਪੋਸਟਰ ਵੀ ਤਿਆਰ ਕਰਕੇ ਜਾਗਰੂਕਤਾ ਫੈਲਾਈ। ਇਸ ਮੌਕੇ ਸਕੂਲ ਪ੍ਰਿੰਸੀਪਲ ਰੂਪ ਕੰਵਲ ਅਤੇ ਬਾਕੀ ਸਕੂਲ ਸਟਾਫ਼ ਮੌਜੂਦ ਰਿਹਾ। ਡਾ. ਕੁਲਤਾਰ ਸਿੰਘ ਨੇ ਕਿਹਾ ਕਿ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਉਣ ਦਾ ਮੁੱਖ ਮੰਤਵ ਆਮ ਨਾਗਰਿਕਾਂ ਦੇ ਵਿੱਚ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਹੈ।ਉਨ੍ਹਾਂ ਕਿਹਾ ਕਿ ਤੰਬਾਕੂ 'ਚੋਂ ਘੱਟੋ-ਘੱਟ 4000 ਵਿਸ਼ੇਲੇ ਰਸਾਇਣ ਨਿਕਲਦੇ ਹਨ ਜੋ ਕੀ ਕਈ ਭਿਆਨਕ ਬਿਮਾਰੀਆਂ ਦਾ ਕਾਰਨ ਬਣਦੇ ਹਨ। ਉਨ੍ਹਾਂ ਕਿਹਾ ਕਿ ਤੰਬਾਕੂ ਦਾ ਸੇਵਨ ਕਰਨ ਨਾਲ ਮੁੰਹ ਅਤੇ ਫੇਫੜਿਆਂ ਦੇ ਕੈਂਸਰ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਉਥੇ ਨਾਲ ਹੀ ਦਿਲ, ਦਿਮਾਗ, ਗੁਰਦਿਆਂ ਅਤੇ ਸਰੀਰ ਦੇ ਹੋਰ ਅੰਗਾਂ ਨੂੰ ਵੀ ਇਸਦਾ ਨੁਕਸਾਨ ਝੱਲਣਾ ਪੈਂਦਾ ਹੈ। ਬਲਾਕ ਐਜੂਕੇਟਰ ਨਵੀਨ ਕਾਲੀਆ ਨੇ ਕਿਹਾ ਤੰਬਾਕੂ ਆਦਮੀ ਹੌਲੀ-ਹੌਲੀ ਖੋਖਲਾ ਕਰ ਦਿੰਦਾ ਹੈ ਅਤੇ ਇੱਕ ਦਿਨ ਵਿਅਕਤੀ ਦੀ ਬੇਵਕਤੀ ਮੌਤ ਦਾ ਕਾਰਨ ਬਣਦਾ ਹੈ। ਪ੍ਰਿੰ. ਰੂਪ ਕੰਵਲ ਕੌਰ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪੂਰੀ ਉਮਰ ਤੰਬਾਕੂ ਦੇ ਵਿਰੁੱਧ ਖੜੇ ਰਹਿਣਗੇ ਅਤੇ ਇਸ ਖਿਲਾਫ ਹਮੇਸ਼ਾ ਜਾਗਰੂਕਤਾ ਫੈਲਾਉਣਗੇ। ਇਸ ਮੌਕੇ ਬਲਾਕ ਐਜੂਕੇਟਰ ਨਵੀਨ ਕਾਲੀਆ, ਐੱਸ. ਆਈ. ਰਣਬੀਰ ਸਿੰਘ, ਸੁਖਵਿੰਦਰਪਾਲ ਸਿੰਘ, ਪਵਨਪ੍ਰੀਤ ਸਿੰਘ ਅਤੇ ਸਮੂਹ ਸਕੂਲ ਸਟਾਫ ਮੌਜੂਦ ਸੀ।

ਇਕਾਦਸ਼ੀ ਮੌਕੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਨਿਰਜਲਾ ਇਕਾਦਸ਼ੀ ਦੇ ਸਬੰਧ ਵਿਚ ਗਲੀ ਗੁੱਜਰਾਂ ਸਥਿਤ ਬੰਟੀ ਕਿਰਨਾ ਸਟੋਰ ਵਿਖੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਬੰਟੀ, ਰੌਕੀ, ਵੀਰਾ, ਸੋਨੀ, ਰਾਹੁਲ, ਧੋਨੀ, ਚੱਕਸ਼ੂ, ਹਿਮਾਂਸ਼ੂ ਅਤੇ ਲੱਡੂ ਆਦਿ ਹਾਜ਼ਰ ਸਨ।

ਸਨਮੁੱਖ ਸਾਲਸੀ ਟ੍ਰਿਬਿਊਨਲ ਸੁਖਜੀਤ ਸਿੰਘ ਜੌਲੀ ਐਡਵੋਕੇਟ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਇਨਾਂਸ ਬੈਂਕ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ), ਕੰਪਨੀਜ਼ ਐਕਟ ਅਧੀਨ ਕਾਰਪੋਰੇਟ ਬਾਡੀ ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ, ਜਲੰਧਰ ਵਿਖੇ ਹੈ, ਜਿਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਫਗਵਾੜਾ ਵਿਖੇ ਹੈ। ਵਿਧੀਵਤ ਗਠਿਤ ਅਟਾਰਨੀ ਰਾਹੀਂ ਬਿਨੈਕਾਰ

ਬਨਾਮ

1. ਜੋਗਿੰਦਰ ਕੌਰ ਪਤਨੀ ਸ੍ਰੀ ਜੰਗ ਬਹਾਦਰ ਵਾਸੀ ਪਿੰਡ ਬਖਰਿਆਣਾ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ
2. ਜੰਗ ਬਹਾਦਰ ਪੁੱਤਰ ਸ੍ਰੀ ਲਛਮਣ ਸਿੰਘ ਵਾਸੀ ਪਿੰਡ ਬਖਰਿਆਣਾ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ
3. ਹਰਵਿੰਦਰ ਸਿੰਘ ਪੁੱਤਰ ਸ੍ਰੀ ਲਛਮਣ ਸਿੰਘ ਪਿੰਡ ਬਖਰਿਆਣਾ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ।

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਜੋ ਕਿ ਲਿਫ਼ਾਫ਼ੇ ਅਤੇ ਪ੍ਰਾਪਤੀ ਰਸੀਦਾਂ ਸਨ, ਫਿਰ ਵਾਪਸ ਪ੍ਰਾਪਤ ਨਹੀਂ ਹੋਏ ਸਨ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 13.07.2023 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 16.03.2023 ਸੁਖਜੀਤ ਸਿੰਘ ਜੌਲੀ
ਜਲੰਧਰ ਸਾਲਸ

ਸਨਮੁੱਖ ਸਾਲਸੀ ਟ੍ਰਿਬਿਊਨਲ ਸੁਖਜੀਤ ਸਿੰਘ ਜੌਲੀ ਵਕੀਲ/ਇਕਮਾਤਰ ਸਾਲਸ, ਜਲੰਧਰ

ਕੈਪੀਟਲ ਸਮਾਲ ਫਾਇਨਾਂਸ ਬੈਂਕ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ), ਕੰਪਨੀਜ਼ ਐਕਟ 1956 ਤਹਿਤ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ, ਜਲੰਧਰ ਅਤੇ ਇਸਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ ਮਾਲ ਰੋਡ, ਅੰਮ੍ਰਿਤਸਰ ਵਿਖੇ ਹੈ, ਵਿਧੀਵਤ ਗਠਿਤ ਮੁਖਤਿਆਰ ਵੱਲੋਂ ਪਟੀਸ਼ਨਰ....

ਬਨਾਮ

1. ਯਾਦਵਿੰਦਰ ਸਿੰਘ ਪੁੱਤਰ ਮੰਗਲ ਸਿੰਘ, ਵਾਸੀ ਪਿੰਡ ਪੱਧਰੀ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।
2. ਨਿਰਮਲ ਸਿੰਘ ਪੁੱਤਰ ਬਚਿੱਤਰ ਸਿੰਘ, ਵਾਸੀ ਪਿੰਡ ਨੂਰਪੁਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ। ਜਵਾਬਦੇਹ

ਉਪਰੋਕਤ ਪਾਰਟੀਆਂ ਵਿਚਾਲੇ ਵਿਵਾਦ ਸੰਬੰਧੀ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ, ਜਵਾਬਦੇਹਾਂ ਨੂੰ ਪਹਿਲੀ ਵਾਰ ਭੇਜੇ ਗਏ ਨੋਟਿਸ ਜੋ ਕਿ ਵਾਪਸ ਪ੍ਰਾਪਤ ਨਹੀਂ ਹੋਏ। ਦੂਜੀ ਵਾਰ ਫੇਰ ਜਵਾਬਦੇਹਾਂ ਨੂੰ ਨੋਟਿਸ ਭੇਜੇ ਗਏ ਅਤੇ ਜਵਾਬਦੇਹ ਨੰ. 2 ਭੇਜਿਆ ਨੋਟਿਸ ਇਨਕਾਰੀ ਟਿੱਪਣੀ ਨਾਲ ਵਾਪਸ ਪ੍ਰਾਪਤ ਹੋਇਆ ਅਤੇ ਜਵਾਬਦੇਹ ਨੰ. 1 ਨੂੰ ਭੇਜਿਆ ਗਿਆ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਇਆ, ਜਿਸ ਤੋਂ ਸਪੱਸ਼ਟ ਪਤਾ ਚੱਲਦਾ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕਰ ਲਏ ਹਨ ਅਤੇ ਜਾਣ-ਬੁੱਝ ਕੇ ਮੇਰੇ ਸਨਮੁੱਖ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਉਪਰੋਕਤ ਜਵਾਬਦੇਹਾਂ ਨੂੰ ਇੱਕ ਹੋਰ ਮੌਕਾ ਪ੍ਰਦਾਨ ਕਰਦਿਆਂ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਉਹ ਵਿਵਾਦਤ ਮਾਮਲੇ 'ਚ ਆਪਣੇ ਵਿਰੋਧੀ ਦਾਅਵੇ ਅਤੇ ਇਤਰਾਜ਼ ਦਾਖਲ ਕਰ ਸਕਣ। ਤੁਹਾਨੂੰ ਜਵਾਬਦੇਹਾਂ ਨੂੰ ਇਤਰਾਜ਼ ਜਾਂ ਵਿਰੋਧੀ ਦਾਅਵਾ ਜੇਕਰ ਕੋਈ ਹੈ, ਦਾਖਲ ਕਰਨ ਲਈ ਨਿੱਜੀ ਤੌਰ 'ਤੇ ਜਾਂ ਤੁਹਾਡੇ ਏਜੰਟ ਜਾਂ ਵਕੀਲ ਰਾਹੀਂ ਸਾਲਸੀ ਸਨਮੁੱਖ 18.7. 2023 ਨੂੰ ਦੁਪਹਿਰ 1.00 ਵਜੇ ਚੈਂਬਰ ਨੰ. 113, ਨਵੀਆਂ ਕਚਹਿਰੀਆਂ, ਜਲੰਧਰ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਮਿਤੀ : 29.5.2023 ਸੁਖਜੀਤ ਸਿੰਘ ਜੌਲੀ
ਜਲੰਧਰ ਸਾਲਸ

Court Notice

In the Court of Mandeep Kaur Principal Judge, Family Court, Amritsar.

CNR No. PBAS01-000177-2021
Previous Date : 17.4.2023
Next Date : 1.7.2023
HMA/20/2021 (U/S 13 HMA)

Gagandeep Kaur W/o Jaswinder Singh D/o Makhan Singh R/o Vill. Kathunangal, Tehsil Majitha, Distt. Amritsar.

Versus

Jaswinder Singh S/o Harpal Singh R/o Sialwa Majri, Tehsil Kharar, Distt. SAS Nagar, Mohali.

Publication issued to : Jaswinder Singh F/o Harpal Singh R/o Sialwa Majri, Tehsil Kharar, Distt. SAS Nagar, Mohali.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 1.7.2023 at 10.00 a.m.

For details logon to : https://highcourtchd.gov.in/?trs=district notice& district= Amritsar

Principal Judge, Family Court, Amritsar.

Dated, this day of 30.5.2023

Court Notice

In the Court of Sh. Balkar Singh Civil Judge Junior Division-1, Nabha

CNR No.PBPTB0-000144-2021
Next Date : 21.9.2023
Manjit Singh
Versus
1. Jagtar Singh

Publication issued to: 2. Amrik Singh F/o Nirmal Singh Vill. Kot Kalan, Tehsil Nabha, Distt. Patiala 3. Charanjit Kaur W/o Nirmal Singh R/o Vill. Kot Kalan, Tehsil Nabha 5. Amandeep Singh S/o Jarnail Singh R/o Vill. Kot Kalan, Tehsil Nabha

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.9.2023 at 10.00 a.m.

For details logon to : https://highcourtchd.gov.in/?trs=district notice& district= Patiala

Civil Judge Junior Division-1, Nabha

Dated, this day of 29.5.2023

Court Notice

In the Court of Ms. Kamal Varinder Principal Judge Family Court, Budhlada.

CNR No. PBMNF2-000331-2022
GW/21/2022
Next Date : 21.7.2023

Anju Bala W/o Late Sandeep Singh Kumar S/o Jagdish Rai R/o W.No. 3, Near Satsang Bhawan Bareta, Tehsil Budhlada, Distt. Mansa.

Versus

General Public

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.7.2023 at 10.00 a.m.

For details logon to : https://highcourtchd.gov.in/?trs=district notice& district= Mansa

Principal Judge Family Court, Budhlada.

Dated, this day of 22.5.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਨਵਾਂਸ਼ਹਿਰ।

ਮਿਸਲ ਨੰ: 29 ਐੱਨ ਟੀ, ਕਿਸਮ : ਤਕਸੀਮ, ਪਿੰਡ : ਨੀਲੋਵਾਲ

ਦਾਇਰ ਮਿਤੀ : 16.1.2023

ਅਨੁਵਾਨ ਮੁਕੱਦਮਾ-ਸੁਨੀਤਾ ਰਾਣੀ ਬਨਾਮ ਵਿਧਿਆ ਵਗੈਰਾ

1. ਸੁਨੀਤਾ ਰਾਣੀ ਪਤਨੀ ਸੁਰਿੰਦਰ ਕੁਮਾਰ ਪਿੰਡ ਨੀਲੋਵਾਲ ਤਹਿ: ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ਫਰੀਕ ਅੱਵਲ

ਬਨਾਮ-1. ਵਿਦਿਆ ਪੁੱਤਰੀ ਕਰਤਾਰਾ 2. ਮਹੇਸ਼ ਕੁਮਾਰ ਪੁੱਤਰ ਸੁਰਿੰਦਰ ਕੁਮਾਰ 3. ਕਮਲਾ ਪਤਨੀ ਸੁਰਿੰਦਰ ਕੁਮਾਰ 4. ਅਮਰੀਕ ਸਿੰਘ 5. ਨਰਿੰਦਰ ਪਾਲ ਪੁੱਤਰ ਸਵਰਨ ਚੰਦ 6. ਭੁਪਿੰਦਰ ਕੁਮਾਰ ਪੁੱਤਰ ਰੂਪ ਲਾਲ 7. ਵਜੀਰ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਸੋਹਨ ਲਾਲ 8. ਕੁਲਵੰਤ ਸਿੰਘ ਪੁੱਤਰ ਜਗਨਨਾਥ ਪੁੱਤਰ ਕਰਤਾਰਾ 9. ਹਰਭਜਨ 10. ਬਲਦੇਵ ਰਾਮ 11. ਰਾਜ ਕੁਮਾਰ 12. ਮਨਜੀਤ ਰਾਮ ਪੁੱਤਰਾਨ ਦਰਸ਼ਨ ਲਾਲ 13. ਕਮਲਾ ਦੇਵੀ 14. ਹਰਬੰਸ ਕੌਰ 15. ਗੁਰਦੇਵ ਸਿੰਘ ਪੁੱਤਰੀਆਂ ਦਰਸ਼ਨ ਲਾਲ ਪੁੱਤਰ ਕਰਤਾਰਾ ਸਿੰਘ 16. ਸੋਮ ਨਾਥ 17. ਜੋਗਿੰਦਰ ਪਾਲ ਪੁੱਤਰ ਮਹਿੰਦਰ ਪਾਲ ਪੁੱਤਰ ਮੁਨਸ਼ਾ 18. ਨਿਰਮਲਜੀਤ ਪੁੱਤਰ ਜਗਨਨਾਥ ਪੁੱਤਰ ਕਰਤਾਰਾ ਸਾਰੇ ਵਾਸੀਆਨ ਪਿੰਡ ਨੀਲੋਵਾਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ਫਰੀਕ ਦੋਇਮ

ਦਰਖਾਸਤ ਬਾਬਤ ਕੀਏ ਜਾਨੇ ਤਕਸੀਮ ਅਰਾਜੀ ਮੁਆਜੀ ਰਕਬਾ 14 ਕ 19ਮ ਖੇਵਟ ਨੰ: 50/47, ਖਤੌਨੀ ਨੰ: 55, ਜਮ੍ਹਾਂਬੰਦੀ ਸਾਲ 2011-12

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਲ ਹੈ। ਇਸ ਲਈ ਮਿਤੀ 19.6.2023 ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਮੁਦਾਇਲਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 31.5.2023 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਇਹ ਪਬਲੀਕੇਸ਼ਨ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨਵਾਂਸ਼ਹਿਰ।
ਨੰ: 133/ਰੀਡਰ/2-ਮਿਤੀ : 31.5.2023

Public Notice

I, Suresh Kumar S/o Gajodar Parshad R/o H.No. 425/4, Model House Road, Bank Colony, Jalandhar, Punjab declare that my son Samarjeet and his wife Preeti are out of my control. I disinherit them from my movable and immovable properties. I and my family members shall not be held responsible for any kind of dealings done with them. All please note.

I, Balwinder S/o Tarsem Lal R/o Village Chak Bahmanian Khurd, Shahkot, Tehsil Nakodar, Distt.Jalandhar declare that my son Randeep Gill is out of my control. I disinherit him from my moveable and immovable properties. I and my family shall not be held responsible for any of his acts, deeds and things. All please note.

ਆਮ ਸੂਚਨਾ

ਮੈਂ ਸੰਦੀਪ ਕੌਰ ਪੁੱਤਰੀ ਰਾਮ ਸਿੰਘ ਵਾਸੀ ਪਿੰਡ ਬੋਪਾਰਾਏ ਤ

1-JUNE-PAGE-7.qxd 5/31/2023 9:36 PM Page 1

ਉੱਤਰੀ ਰੇਲਵੇ ਮਜ਼ਦੂਰ ਯੂਨੀਅਨ ਵੱਲੋਂ ਮੰਗਾਂ ਨੂੰ ਲੈ ਕੇ ਸਰਹਿੰਦ ਵਿਖੇ ਰੋਸ ਪ੍ਰਦਰਸ਼ਨ

ਸਰਹਿੰਦ ਰੇਲਵੇ ਸਟੇਸ਼ਨ ਵਿਖੇ ਨਾਅਰੇਬਾਜ਼ੀ ਕਰਦੇ ਰੇਲ ਕਰਮਚਾਰੀ।

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਉੱਤਰੀ ਰੇਲਵੇ ਮਜ਼ਦੂਰ ਯੂਨੀਅਨ ਦੀ ਅਗਵਾਈ 'ਚ ਰੇਲ ਕਰਮਚਾਰੀਆਂ ਵੱਲੋਂ ਰੇਲ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਸਰਹਿੰਦ ਰੇਲਵੇ ਸਟੇਸ਼ਨ ਵਿਖੇ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉੱਤਰੀ ਰੇਲਵੇ ਮਜ਼ਦੂਰ ਯੂਨੀਅਨ ਦੀ ਸਰਹਿੰਦ ਬ੍ਰਾਂਚ ਦੇ ਸਕੱਤਰ ਰਵੀ ਸ਼ੰਕਰ ਨੇ ਦੱਸਿਆ ਕਿ ਜਿੱਥੇ ਰੇਲ ਪ੍ਰਸ਼ਾਸਨ ਵੱਲੋਂ ਕਰਮਚਾਰੀਆਂ ਤੋਂ 12-12 ਘੰਟੇ ਲਗਾਤਾਰ ਡਿਊਟੀਆਂ ਕਰਵਾ ਕੇ ਮਜ਼ਦੂਰਾਂ ਲਈ ਬਣੇ ਕਾਨੂੰਨਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਉੱਥੇ ਹੀ ਉਨਾਂ ਨੂੰ ਬਣਦੀਆਂ ਸਹੂਲਤਾਂ ਦੇਣ ਦੀ ਬਜਾਏ ਪਹਿਲਾਂ ਮਿਲ ਰਹੀਆਂ ਸਹੂਲਤਾਂ 'ਚ ਵੀ ਕਟੌਤੀ ਕੀਤੀ ਜਾ ਰਹੀ ਹੈ। ਉਨ੍ਹਾ ਦੋਸ਼ ਲਗਾਇਆ ਕਿ ਰੇਲ ਪ੍ਰਸ਼ਾਸਨ ਵੱਲੋਂ ਚੁੱਪ-ਚਪੀਤੇ ਵੱਖ-ਵੱਖ ਪੋਸਟਾਂ ਸਰੰਡਰ ਕੀਤੀਆਂ ਜਾ ਰਹੀਆਂ ਹਨ ਅਤੇ ਕਰਮਚਾਰੀਆਂ ਦੇ ਬਣਦੇ ਭੱਤੇ ਵੀ ਨਹੀਂ ਦਿੱਤੇ ਜਾ ਰਹੇ। ਉਨ੍ਹਾ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਮੇਤ ਜੇਕਰ ਉਨ੍ਹਾਂ ਦੀਆਂ ਬਾਕੀ ਹੱਕੀ ਮੰਗਾਂ ਨਾ ਮੰਨੀਆਂ ਗਈਆਂ ਤਾਂ ਆਉਣ ਵਾਲੇ ਦਿਨਾਂ 'ਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਉਨਾਂ ਨਾਲ ਮੁਕੇਸ਼ ਚੰਦਰ ਮੀਨਾ, ਸ਼੍ਰਵਣ ਕੁਮਾਰ, ਦੀਪਕ ਕੁਮਾਰ ਅਤੇ ਪ੍ਰਭਾਕਰ ਚੌਧਰੀ ਸਮੇਤ ਯੂਨੀਅਨ ਦੇ ਹੋਰ ਅਹੁਦੇਦਾਰ ਅਤੇ ਰੇਲ ਕਰਮਚਾਰੀ ਵੀ ਮੌਜੂਦ ਸਨ।

ਨਰੇਗਾ ਮਜ਼ਦੂਰਾਂ ਨੇ ਬੀ ਡੀ ਪੀ ਓ ਦਫ਼ਤਰ ਵਿਖੇ ਕੀਤਾ ਰੋਸ ਪ੍ਰਦਰਸ਼ਨ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਪਿੰਡ ਪਿਉਰੀ ਦੇ ਮਨਰੇਗਾ ਮਜ਼ਦੂਰਾਂ ਨੇ ਐਸ ਡੀ ਐਮ ਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਦਫ਼ਤਰ ਅੱਗੇ ਬੰਦ ਪਏ ਮਨਰੇਗਾ ਕੰਮ ਨੂੰ ਦੁਬਾਰਾ ਚਾਲੂ ਨਾ ਕਰਨ ਦੇ ਰੋਸ ਵਜੋਂ ਰੋਸ ਪ੍ਰਦਰਸ਼ਨ ਕੀਤਾ। ਮਾਸਟਰ ਚੰਦ ਜ਼ਿਲ੍ਹਾ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਨੇ ਦੱਸਿਆ ਕਿ ਪਿੰਡ ਵਿੱਚ ਪਿਛਲੇ ਲੰਬੇ ਸਮੇ ਤੋਂ ਮਨਰੇਗਾ ਦਾ ਕੰਮ ਬੰਦ ਪਿਆ ਹੈ, ਜਿਸ ਕਰਕੇ ਮਨਰੇਗਾ ਮਜ਼ਦੂਰਾਂ ਨੂੰ ਅਨੇਕਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਬੰਧਤ ਅਧਿਕਾਰੀਆਂ ਵੱਲੋਂ ਜਲਦੀ ਹੀ ਮਨਰੇਗਾ ਕੰਮ ਚਾਲੂ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਮਨਰੇਗਾ ਦਾ ਕੰਮ ਚਾਲੂ ਨਾ ਕੀਤਾ ਗਿਆ ਤਾਂ ਤਿੱਖਾ ਸੰਘਰਸ਼ ਕਰਨ ਦੀ ਰੂਪ ਰੇਖਾ ਤਿਆਰ ਕੀਤੀ ਜਾ ਰਹੀ ਹੈ। ਇਸ ਮੌਕੇ ਜਗਜੀਤ ਸਿੰਘ, ਗੁਰਮੀਤ ਸਿੰਘ ਮੈਬਰ, ਬਲਤੇਜ ਸਿੰਘ, ਪਿਆਰਾ ਸਿੰਘ, ਹਮੀਰ ਸਿੰਘ, ਮਨਜੀਤ ਕੌਰ, ਚਰਨਜੀਤ ਕੌਰ, ਜਸਵੀਰ ਕੌਰ, ਰੇਸ਼ਮਾ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਨਰੇਗਾ ਮਜ਼ਦੂਰ ਖਾਸ ਕਰਕੇ ਔਰਤਾਂ ਹਾਜ਼ਰ ਸਨ।

ਮੂਸੇਵਾਲਾ ਦੇ ਮਾਪਿਆਂ ਨੂੰ ਇਨਸਾਫ ਦਿਵਾਉਣ ਲਈ ਨੌਜਵਾਨਾਂ ਵੱਲੋਂ ਮੋਮਬੱਤੀ ਮਾਰਚ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਨਾਮਵਰ ਪੰਜਾਬੀ ਗਾਇਕ ਮਰਹੂਮ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਮਾਪਿਆਂ ਵੱਲੋਂ ਅੱਜ ਪੰਜਾਬ ਭਰ 'ਚ ਕੈਂਡਲ ਮਾਰਚ ਕੱਢਣ ਦੀ ਕੀਤੀ ਅਪੀਲ ਨੂੰ ਲੈ ਕੇ ਕਸਬਾ ਮਹਿਲ ਕਲਾਂ ਵਿਖੇ ਨੌਜਵਾਨ ਆਗੂ ਲੱਕੀ ਟਿਵਾਣਾ ਦੀ ਅਗਵਾਈ ਹੇਠ ਵੱਡੀ ਗਿਣਤੀ 'ਚ ਇਕੱਠੇ ਹੋਏ ਨੌਜਵਾਨ ਮੁੰਡੇ ਕੁੜੀਆਂ ਵੱਲੋਂ ਮੋਮਬੱਤੀ ਮਾਰਚ ਕੀਤਾ ਗਿਆ। ਨਾਮਵਰ ਗਾਇਕ ਸਿੱਧੂ ਮੂਸੇਵਾਲਾ ਦੇ ਮਾਪਿਆਂ ਵੱਲੋਂ ਪੰਜਾਬ ਭਰ 'ਚ ਕੈਂਡਲ ਮਾਰਚ ਕੱਢਣ ਲਈ ਨੌਜਵਾਨ ਵਰਗ ਨੂੰ ਅਪੀਲ ਕੀਤੀ ਗਈ ਸੀ। ਲੱਕੀ ਟਿਵਾਣਾ ਨੇ ਦੱਸਿਆ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਪਾਰਕ ਮਹਿਲ ਕਲਾਂ ਵਿਖੇ ਵੱਡੀ ਗਿਣਤੀ 'ਚ ਨੌਜਵਾਨਾਂ, ਬੀਬੀਆਂ ਵੱਲੋਂ ਸਿੱਧੂ ਮੂਸੇਵਾਲਾ ਦੀਆਂ ਤਸਵੀਰਾਂ 'ਤੇ ਇਨਸਾਫ਼ ਦਿਵਾਉਣ ਲਈ ਲਿਖੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਇਸ ਮੌਕੇ ਸੰਬੋਧਨ ਕਰਦਿਆਂ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਅਸਲੀ ਕਾਤਲਾਂ ਨੂੰ ਫੜਨ ਵਿਚ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ, ਜੋ ਫੜੇ ਗਏ ਹਨ, ਉਹ ਸਿਰਫ਼ ਕਿਰਾਏ 'ਤੇ ਕੰਮ ਕਰਨ ਵਾਲੇ ਹਨ, ਜਦ ਕਿ ਸਿੱਧੂ ਮੂਸੇਵਾਲਾ ਦੇ ਅਸਲ ਕਾਤਲ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਇਸ ਮੌਕੇ ਕਪਤਾਨ ਸਿੰਘ ਨੇ ਕਿਹਾ ਕਿ ਇਹ ਕੈਂਡਲ ਮਾਰਚ ਕਿਸੇ ਰਾਜਸੀ ਪਾਰਟੀ ਜਾਂ ਮੰਚ ਵੱਲੋਂ ਨਹੀਂ, ਸਗੋਂ ਨੌਜਵਾਨਾਂ ਵੱਲੋਂ ਕੱਢਿਆ ਗਿਆ ਕੈਂਡਲ ਮਾਰਚ ਹੈ, ਜੋ ਲੋਕ ਸਿੱਧੂ ਮੂਸੇਵਾਲਾ ਨੂੰ ਪਿਆਰ ਕਰਦੇ ਸਨ ਅਤੇ ਉਸ ਦੇ ਕਾਤਲਾਂ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਹਨ। ਇਸ ਮੌਕੇ ਗੁਰਪ੍ਰੀਤ ਗਰੇਵਾਲ, ਲੱਖਾ ਸਿੰਘ ਮਹਿਲ ਕਲਾਂ, ਰਵੀ ਸਿੰਘ, ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਨੌਜਵਾਨ ਤੇ ਬੀਬੀਆਂ ਹਾਜ਼ਰ ਸਨ।

ਸਿੱਖਿਆ ਦੇ ਮਹਾਂਕੁੰਭ ਦਾ ਸਮਾਗਮ 9 ਤੋਂ

ਜਗਰਾਉਂ (ਅਮਿਤ ਖੰਨਾ)-ਵਿੱਦਿਆ ਭਾਰਤੀ ਜਲੰਧਰ ਦੁਆਰਾ ਆਯੋਜਤ ਸਿੱਖਿਆ ਦੇ ਮਹਾਂਕੁੰਭ ਦਾ ਸਮਾਗਮ 9 ਤੋਂ 11 ਜੂਨ ਤੱਕ ਹੋਣ ਜਾ ਰਿਹਾ ਹੈ। ਇਸ ਲਈ ਸ੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਨੀਲੂ ਨਰੂਲਾ, ਪ੍ਰਬੰਧਕ ਐਡਵੋਕੇਟ ਵਿਵੇਕ ਭਾਰਦਵਾਜ, ਮੈਂਬਰ ਦਰਸ਼ਨ ਲਾਲ ਸ਼ਮੀ ਤੇ ਅੰਕੁਰ ਗੋਇਲ ਨੇ ਵੱਖ-ਵੱਖ ਸਕੂਲਾਂ ਵਿੱਚ ਜਾ ਕੇ ਆਰ.ਕੇ.ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸੀਮਾ ਰਾਣੀ, ਸ਼ਿਵਾਲਿਕ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਨੀਲਮ ਦੇਵੀ, ਤਾਰਾ ਦੇਵੀ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਨਿਧੀ ਗੁਪਤਾ, ਸਨਮਤੀ ਵਿਮਲ ਜੈਨ ਸਕੂਲ ਦੇ ਡਾਇਰੈਕਟਰ ਸ਼ਸ਼ੀ ਜੈਨ ਅਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਨਾ ਅਤੇ ਰੂਪਵਾਟਿਕਾ ਸਕੂਲ ਦੇ ਪ੍ਰਿੰਸੀਪਲ ਵਿੰਮੀ ਠਾਕੁਰ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਪੱਤਰ ਦਿੱਤਾ। ਮਹਾਂਕੁੰਭ ਵਿੱਚ ਸਿੱਖਿਆ ਦੇ ਜਿਨ੍ਹਾਂ ਵਿਸ਼ਿਆਂ ਨੂੰ ਛੋਹਿਆ ਗਿਆ ਹੈ, ਉਨ੍ਹਾਂ ਵਿੱਚੋਂ ਇੱਕ ਹੈ, ਕੀ ਸਕੂਲੀ ਸਿੱਖਿਆ ਰਾਸ਼ਟਰੀ ਪੱਧਰ ਦਾ ਵਿਸ਼ਾ ਹੋਣਾ ਚਾਹੀਦਾ ਹੈ? ਕੀ ਗੁਰਕੂਲ ਪੱਦਤੀ ਨੂੰ ਸੁਰਜੀਤ ਕਰਕੇ ਆਧੁਨਿਕ ਸਿੱਖਿਆ ਨਾਲ ਜੋੜਨਾ ਚਾਹੀਦਾ ਹੈ? ਕੀ ਕੌਸ਼ਲ ਵਿਕਾਸ ਸਕੂਲੀ ਸਿੱਖਿਆ ਦਾ ਮੂਲਭੂਤ ਵਿਸ਼ਾ ਹੋਣਾ ਚਾਹੀਦਾ ਹੈ?

ਕਾਤਰਾਂ

ਯੂਨੀਵਰਸਲ ਕੋਚਿੰਗ ਇੰਸਟੀਚਿਊਟ ਦੀ ਵਿਦਿਆਰਥਣ ਨੇ ਪੀ ਟੀ ਈ 'ਚੋਂ ਓਵਰਆਲ 55 ਸਕੋਰ ਪ੍ਰਾਪਤ ਕੀਤੇ

ਬਾਘਾ ਪੁਰਾਣਾ (ਮਨੀ ਸਿੰਗਲਾ)-ਯੂਨੀਵਰਸਲ ਕੋਚਿੰਗ ਇੰਸਟੀਚਿਊਟ ਆਇਲਟਸ ਅਤੇ ਪੀ.ਟੀ.ਈ ਦੇ ਖੇਤਰ ਵਿੱਚ ਲਗਾਤਾਰ ਬਹੁਤ ਵਧੀਆ ਨਤੀਜੇ ਦੇ ਰਿਹਾ ਹੈ। ਸੰਸਥਾ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਗੋਦਾਰਾ ਅਤੇ ਅੰਕੁਸ਼ ਅਨੇਜਾ ਨੇ ਦੱਸਿਆ ਕਿ ਸੰਸਥਾ ਦੀ ਵਿਦਿਆਰਥਣ ਨਵਜੋਤ ਕੌਰ ਵਾਸੀ ਸਿੰਘਾਂ ਵਾਲਾ (ਮੋਗਾ) ਨੇ ਪੀ.ਟੀ.ਈ ਦੀ ਪ੍ਰੀਖਿਆ ਵਿੱਚੋਂ ਓਵਰਆਲ 55 ਸਕੋਰ ਪ੍ਰਾਪਤ ਕਰਕੇ ਆਪਣਾ ਅਤੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੌਕੇ ਡਾਇਰੈਕਟਰ ਗੁਰਪ੍ਰੀਤ ਸਿੰਘ ਗੋਦਾਰਾ ਅਤੇ ਅੰਕੁਸ਼ ਅਨੇਜਾ ਨੇ ਦੱਸਿਆ ਕਿ ਬੱਚਿਆਂ ਨੂੰ ਰੀਡਿੰਗ ਅਤੇ ਰਾਈਟਿੰਗ ਦੀਆਂ ਕਲਾਸਾਂ ਬਹੁਤ ਵਧੀਆ ਤਰੀਕੇ ਆਧੁਨਿਕ ਢੰਗਾਂ ਨਾਲ ਲਗਾਈਆਂ ਜਾਂਦੀਆਂ ਹਨ। ਆਇਲਟਸ ਵਿੱਚ ਵਧੀਆ ਬੈਂਡ ਪ੍ਰਾਪਤ ਕਰਨ ਉਪਰੰਤ ਤੁਸੀਂ ਆਪਣਾ ਸਟੱਡੀ ਵੀਜ਼ਾ ਇਸ ਸੰਸਥਾ ਤੋਂ ਅਪਲਾਈ ਕਰ ਸਕਦੇ ਹੋ। ਇਸ ਮੌਕੇ ਵਿਦਿਆਰਥਣ ਨੂੰ ਪ੍ਰਮਾਣ ਪੱਤਰ ਸੌਂਪਦਿਆਂ ਗੁਰਪ੍ਰੀਤ ਸਿੰਘ ਗੋਦਾਰਾ ਅਤੇ ਅੰਕੁਸ਼ ਅਨੇਜਾ ਨੇ ਉਜਵਲ ਭਵਿੱਖ ਲਈ ਕਾਮਨਾ ਕੀਤੀ।

ਨਕਦੀ ਲੁੱਟ ਕੇ ਭੱਜ ਰਹੇ ਲੁਟੇਰੇ ਲੋਕਾਂ ਨੇ ਕੀਤੇ ਪੁਲਸ ਹਵਾਲੇ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੰਡੀ ਗੋਬਿੰਦਗੜ੍ਹ ਵਿਖੇ ਇੱਕ ਮਨੀ ਐਕਸਚੇਂਜਰ ਤੋਂ ਨਕਦੀ ਖੋਹ ਕੇ ਫਰਾਰ ਹੋ ਰਹੇ ਦੋ ਲੁਟੇਰਿਆਂ ਨੂੰ ਲੋਕਾਂ ਵੱਲੋਂ ਅਸਲੇ ਸਮੇਤ ਕਾਬੂ ਕਰਕੇ ਪੁਲਸ ਹਵਾਲੇ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮੰਡੀ ਗੋਬਿੰਦਗੜ੍ਹ ਦੇ ਅਜਨਾਲੀ ਇਲਾਕੇ 'ਚ ਮਨੀ ਐਕਸਚੇਂਜਰ ਦਾ ਕੰਮ ਕਰਨ ਵਾਲਾ ਰਾਜੇਸ਼ ਕੁਮਾਰ ਆਪਣੇ ਦਫਤਰ 'ਚ ਮੌਜੂਦ ਸੀ ਤਾਂ ਅਚਾਨਕ ਦਫਤਰ 'ਚ ਦਾਖਲ ਹੋਏ ਦੋ ਨੌਜਵਾਨਾਂ 'ਚੋਂ ਇੱਕ ਨੇ ਆਪਣੇ ਡੱਬ 'ਚੋਂ ਪਿਸਟਲ ਕੱਢ ਕੇ ਰਾਜੇਸ਼ ਕੁਮਾਰ 'ਤੇ ਤਾਣ ਲਿਆ ਤੇ ਸਭ ਕੁਝ ਉਨ੍ਹਾਂ ਦੇ ਹਵਾਲੇ ਕਰਨ ਦੀ ਤਾਕੀਦ ਕੀਤੀ ਤੇ ਇਸ ਦੌਰਾਨ ਉਕਤ ਵਿਅਕਤੀ ਵੱਲੋਂ ਦਹਿਸ਼ਤ ਪਾਉਣ ਲਈ ਧਰਤੀ 'ਤੇ ਫਾਇਰ ਵੀ ਕੀਤਾ ਗਿਆ, ਜਿਸ 'ਤੇ ਦੁਕਾਨਦਾਰ ਕੁਰਸੀ ਓਹਲੇ ਲੁਕ ਗਿਆ ਤਾਂ ਉਕਤ ਵਿਅਕਤੀ ਦਰਾਜ 'ਚ ਪਈ ਨਕਦੀ ਅਤੇ ਮੋਬਾਈਲ ਫੋਨ ਚੁੱਕ ਕੇ ਦਫ਼ਤਰ 'ਚੋਂ ਬਾਹਰ ਨਿਕਲ ਗਏ, ਪਰ ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਇਕੱਠੇ ਹੋਏ ਆਲੇ-ਦਆਲੇ ਦੇ ਲੋਕਾਂ ਨੇ ਹਿੰਮਤ ਦਿਖਾਉਂਦੇ ਹੋਏ ਉਕਤ ਦੋਵਾਂ ਲੁਟੇਰਿਆਂ ਨੂੰ ਜੱਫਾ ਮਾਰ ਕੇ ਕਾਬੂ ਕਰ ਲਿਆ ਤੇ ਬਾਅਦ 'ਚ ਪੁਲਸ ਹਵਾਲੇ ਕਰ ਦਿੱਤਾ, ਜਿਨ੍ਹਾਂ ਦੀ ਪਛਾਣ ਮਨਜਿੰਦਰ ਸਿੰਘ ਵਾਸੀ ਪਿੰਡ ਤੁਰਮਰੀ ਤੇ ਪਰਮਿੰਦਰ ਸਿੰਘ ਵਾਸੀ ਪਿੰਡ ਜਰਗੜੀ ਵਜੋਂ ਦੱਸੀ ਜਾ ਰਹੀ ਹੈ। ਮੰਡੀ ਗੋਬਿੰਦਗੜ੍ਹ ਪੁਲਿਸ ਵੱਲੋਂ ਮਨਜਿੰਦਰ ਸਿੰਘ ਤੇ ਪਰਮਿੰਦਰ ਸਿੰਘ ਨੂੰ ਅ/ਧ 392, 34, 411 ਆਈ.ਪੀ.ਸੀ. ਤੇ 25 ਅਸਲਾ ਐਕਟ ਤਹਿਤ ਗ੍ਰਿਫ਼ਤਾਰ ਕਰਦੇ ਹੋਏ ਉਨ੍ਹਾਂ ਦੇ ਕਬਜ਼ੇ 'ਚੋਂ ਇੱਕ ਦੇਸੀ ਕੱਟਾ ਤੇ ਦੋ ਜ਼ਿੰਦਾ ਰੌਂਦ ਬਰਾਮਦ ਕੀਤੇ ਗਏ ਹਨ।

ਸ਼ਹੀਦ ਭਗਤ ਸਿੰਘ ਸਕੂਲ ਦਾ ਨਤੀਜਾ ਸ਼ਾਨਦਾਰ

ਮਾਛੀਵਾੜਾ ਸਾਹਿਬ (ਸ਼ੇਂਕੀ ਸ਼ਰਮਾ, ਜਗਦੀਸ਼ ਰਾਏ)-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਹੀਦ ਭਗਤ ਸਿੰਘ ਪਬਲਿਕ ਹਾਈ ਸਕੂਲ ਦੇ ਬੱਚਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਪ੍ਰਬੰਧਕ ਦਰਸ਼ਨ ਜੈਨ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਵਿਦਿਆਰਥਣ ਨਿਸ਼ਾ ਬੱਸੀ ਨੇ 622/650 (95.69 ਪ੍ਰਤੀਸ਼ਤ) ਅੰਕ, ਇਕਜੋਤ ਕੌਰ ਨੇ 617/650 (94.92 ਪ੍ਰਤੀਸ਼ਤ) ਤੇ ਕਿਰਨਜੀਤ ਕੌਰ ਨੇ 614/650 (94.46 ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਪਿਊਸ਼ ਨੇ 610/650 (93.85 ਪ੍ਰਤੀਸ਼ਤ), ਜੰਨਤ ਨੇ 598/650 (92 ਪ੍ਰਤੀਸ਼ਤ), ਇਸ਼ਮੀਤ ਕੌਰ ਨੇ 591/650 (90.92 ਪ੍ਰਤੀਸ਼ਤ), ਕਰਨਜੋਤ ਸਿੰਘ ਨੇ 590/650 (90.87 ਪ੍ਰਤੀਸ਼ਤ), ਜਸਪ੍ਰੀਤ ਕੌਰ ਨੇ 585/650 (90 ਪ੍ਰਤੀਸ਼ਤ), ਯਸ਼ਿਕਾ ਨਰੂਲਾ ਨੇ 584/650 (89.85 ਪ੍ਰਤੀਸ਼ਤ) ਤੇ ਅਸ਼ਮੀਤ ਕੌਰ ਨੇ 582/650 (89.54 ਪ੍ਰਤੀਸ਼ਤ) ਅੰਕ ਲੈ ਕੇ ਵਧੀਆ ਕਾਰਗੁਜ਼ਾਰੀ ਦਿਖਾਈ।

ਕੇਂਦਰੀ ਦਾਖ਼ਲਾ ਪੋਰਟਲ ਦੇ ਵਿਰੋਧ 'ਚ ਐੱਸ ਡੀ ਕਾਲਜ ਬਰਨਾਲਾ ਵੱਲੋਂ ਪੇਪਰਾਂ ਦਾ ਬਾਈਕਾਟ

ਬਰਨਾਲਾ (ਰਵਿੰਦਰ ਸ਼ਰਮਾ)-ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੇ ਕੇਂਦਰੀ ਦਾਖ਼ਲਾ ਪੋਰਟਲ ਦੇ ਵਿਰੋਧ 'ਚ ਐਸ ਡੀ ਕਾਲਜ ਬਰਨਾਲਾ ਵੱਲੋਂ ਪੇਪਰਾਂ ਦਾ ਬਾਈਕਾਟ ਕਰਦਿਆਂ ਰੋਸ ਮੁਜ਼ਾਹਰਾ ਕੀਤਾ ਗਿਆ। ਸਾਂਝੀ ਐਕਸ਼ਨ ਕਮੇਟੀ (ਜੇ ਏ ਸੀ) ਦੇ ਸੱਦੇ 'ਤੇ ਕਾਲਜ ਅੰਦਰ ਸਮੂਹ ਸਟਾਫ ਵੱਲੋਂ ਧਰਨਾ ਦਿੰਦਿਆਂ ਪੰਜਾਬ ਸਰਕਾਰ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਕਾਲਜ ਪ੍ਰਿੰ. ਡਾ. ਰਮਾ ਸ਼ਰਮਾ ਨੇ ਕਿਹਾ ਕਿ ਗੈਰ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਿਜ਼ ਮੈਨੇਜਮੈਂਟ ਫ਼ੈਡਰੇਸ਼ਨ, ਪ੍ਰਿੰਸੀਪਲ ਐਸੋਸੀਏਸ਼ਨ, ਪੰਜਾਬ ਚੰਡੀਗੜ੍ਹ ਕਾਲਜਿਜ਼ ਟੀਚਰਜ਼ ਯੂਨੀਅਨ ਅਤੇ ਅਣਏਡਿਡ ਪ੍ਰਾਈਵੇਟ ਕਾਲਜਾਂ ਦੀਆਂ ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ (ਜੇ ਏ ਸੀ) ਦੇ ਸੱਦੇ 'ਤੇ ਪੇਪਰਾਂ ਦਾ ਬਾਈਕਾਟ ਕੀਤਾ ਗਿਆ ਹੈ। ਅੱਜ ਦਾ ਬਾਈਕਾਟ ਵਿਦਿਆਰਥੀਆਂ ਦਾ ਨੁਕਸਾਨ ਕਰਨ ਲਈ ਨਹੀਂ ਕੀਤਾ ਗਿਆ, ਬਲਕਿ ਪੰਜਾਬ ਸਰਕਾਰ ਵੱਲੋਂ ਕਾਲਜਾਂ ਵਿੱਚ ਦਾਖਲਿਆਂ ਲਈ ਸੈਂਟਰਲ ਐਡਮਿਸ਼ਨ ਪੋਰਟਲ ਬਣਾਇਆ ਗਿਆ ਹੈ।

ਇਸ ਐਡਮਿਸ਼ਨ ਪੋਰਟਲ ਰਾਹੀਂ ਸਰਕਾਰ ਕਾਲਜਾਂ ਨੂੰ ਫੀਸ ਰਾਹੀਂ ਮਿਲਦੇ ਸਾਰੇ ਫ਼ੰਡ ਆਪਣੇ ਹੱਥਾਂ ਵਿੱਚ ਲੈਣਾ ਚਾਹੁੰਦੀ ਹੈ ਅਤੇ ਸਰਕਾਰ ਦਾ ਮਕਸਦ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਮਜ਼ਬੂਤ ਕਰਨਾ ਵੀ ਹੈ। ਪ੍ਰੋ.ਅਮਰੀਸ਼ ਕੁਮਾਰ ਨੇ ਕਿਹਾ ਕਿ ਇਸ ਦਾਖ਼ਲਾ ਪੋਰਟਲ ਦਾ ਵਿਦਿਆਰਥੀਆ

1-Jun-PAGE- 8.qxd 5/31/2023 9:42 PM Page 1

ਤੁਰਕੀ 'ਚ ਫਸੇ ਤਿੰਨ ਪੰਜਾਬੀ ਨੌਜਵਾਨਾਂ ਦੀ ਸੀਚੇਵਾਲ ਦੇ ਯਤਨਾਂ ਸਦਕਾ ਹੋਈ ਵਤਨ ਵਾਪਸੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਤੁਰਕੀ ਵਿੱਚ ਪਿਛਲੇ ਸਾਢੇ ਪੰਜ ਮਹੀਨਿਆਂ ਤੋਂ ਫਸੇ ਤਿੰਨ ਪੰਜਾਬੀ ਨੌਜਵਾਨਾਂ ਦੀ ਵਤਨ ਵਾਪਸ ਲਿਆਉਣ ਵਿੱਚ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵੱਡੀ ਭੂਮਿਕਾ ਨਿਭਾਈ ਹੈ। ਚੰਗੇ ਭਵਿੱਖ ਦੀ ਭਾਲ ਅਮਰੀਕਾ ਜਾਣ ਲਈ ਟ੍ਰੈਵਲ ਏਜੰਟਾਂ ਦੇ ਝਾਂਸੇ ਵਿੱਚ ਆਏ ਇੰਨ੍ਹਾਂ ਨੌਜਵਾਨਾਂ ਵਿੱਚ ਦੋ ਕਪੂਰਥਲਾ ਤੇ ਇੱਕ ਤਰਨ ਤਾਰਨ ਜ਼ਿਲ੍ਹੇ ਨਾਲ ਸੰਬਧੰਤ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਸੀਚੇਵਾਲ ਨੇ ਪੀੜਤ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਹਾਜ਼ਰੀ ਵਿੱਚ ਕਿਹਾ ਕਿ ਠੱਗ ਟ੍ਰੈਵਲ ਏਜੰਟਾਂ ਦੇ ਹੱਥੀ ਚੜ੍ਹ ਕੇ ਆਪਣਾ ਤੇ ਆਪਣੇ ਮਾਪਿਆਂ ਦਾ ਭਵਿੱਖ ਦਾਅ 'ਤੇ ਨਾ ਲਾਉ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਟਿੱਬਾ ਦੇ ਅੰਮ੍ਰਿਤਪਾਲ ਸਿੰਘ ਤੇ ਭਵਾਨੀਪੁਰ ਦੇ ਨਵਜੋਤ ਸਿੰਘ ਅਤੇ ਤਰਨ ਤਾਰਨ ਦੇ ਪਿੰਡ ਸਰਹਾਲੀ ਕਲਾਂ ਦੇ ਹੈਪੀ ਸਿੰਘ 25 ਮਈ ਨੂੰ ਵਾਪਸ ਆਪਣੇ ਘਰ ਪਰਤ ਆਏ ਹਨ। ਇਸ ਦੌਰਾਨ ਨੌਜਵਾਨਾਂ ਨੇ ਦੱਸਿਆ ਕਿ ਉਹ ਲੱਖਾਂ ਰੁਪਏ ਖਰਚ ਕਰਕੇ ਇਸ ਆਸ ਉੱਪਰ ਵਿਦੇਸ਼ ਜਾਣਾ ਚਾਹੁੰਦੇ ਸਨ ਕਿ ਉਹਨਾਂ ਦਾ ਭਵਿੱਖ ਵੀ ਸੁਨਹਿਰੀ ਬਣ ਜਾਵੇਗਾ ਪਰ ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਭਵਿੱਖ ਨੂੰ ਸੁਨਹਿਰੀ ਬਣਾਉਣ ਦੀ ਉਮੀਦ ਵਿਚ ਉਹ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਲੈਣਗੇ। ਤੁਰਕੀ ਤੋਂ ਵਾਪਸ ਆਏ ਨੌਜਵਾਨਾਂ ਦੱਸਿਆ ਕਿ ਉਹਨਾਂ ਨੂੰ ਤੁਰਕੀ ਦੇ ਇਕ ਕੈਂਪ ਦੇ ਵਿਚ ਰੱਖਿਆ ਗਿਆ। ਕਿਉਂਕਿ ਤੁਰਕੀ ਦੀ ਪੁਲਸ ਵੱਲੋਂ ਜਾਅਲੀ ਵੀਜ਼ਾ ਹੋਣ ਕਾਰਨ ਉਹਨਾਂ ਨੂੰ ਫੜਿਆ ਗਿਆ ਸੀ ਜੋ ਕਿ ਉਹਨਾਂ ਨੂੰ ਏਜੰਟਾਂ ਵੱਲੋਂ ਲਗਵਾ ਕੇ ਦਿੱਤਾ ਗਿਆ ਸੀ। ਸੰਤ ਸੀਚੇਵਾਲ ਨੂੰ ਮਿਲਣ ਪਹੁੰਚੇ ਇਹਨਾਂ ਨੌਜਵਾਨਾਂ ਨੇ ਸੰਤ ਸੀਚੇਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਘਰ ਵਾਪਸੀ ਦੀ ਬਹੁਤ ਖੁਸ਼ੀ ਹੈ। ਇੰਨ੍ਹਾਂ ਪੰਜਾਬੀ ਨੌਜਵਾਨਾਂ ਨੇ ਦੱਸਿਆ ਕਿ ਉਸ ਕੈਂਪ ਵਿੱਚ ਪਾਕਿਸਤਾਨ, ਅਫਗਾਨਿਸਤਾਨ, ਉਜਬੇਕਿਜ਼ਸਤਾਨ, ਸਰਬੀਆ ਤੇ ਹੋਰ ਦੇਸ਼ਾਂ ਦੇ ਨੌਜਵਾਨਾਂ ਨੂੰ ਰੱਖਿਆ ਗਿਆ ਸੀ। ਭਾਰਤ ਵਿੱਚੋਂ ਉਹ ਸਿਰਫ ਤਿੰਨ ਜਣੇ ਹੀ ਸਨ। ਪੀੜਤ ਅੰਮ੍ਰਿਤਪਾਲ ਸਿੰਘ ਦੇ ਪਿਤਾ ਜਸਬੀਰ ਸਿੰਘ ਤੇ ਨਵਜੋਤ ਸਿੰਘ ਦੇ ਪਿਤਾ ਸੁਖਦੇਵ ਸਿੰਘ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਦੇ ਯਤਨਾਂ ਸਦਕਾਂ ਹੀ ਉਨ੍ਹਾਂ ਬੱਚੇ ਵਾਪਸ ਆਏ ਹਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਟ੍ਰੈਵਲ ਏਜੰਟਾਂ ਕੋਲ ਫਸੇ ਪੈਸੇ ਵਾਪਸ ਕਰਵਾਏ ਜਾਣ।

ਨਸ਼ਾ ਸਮੱਗਲਰ ਤੇ ਟਰਾਂਸਫਾਰਮਾਂ ਦਾ ਤੇਲ ਚੋਰੀ ਕਰਨ ਵਾਲੇ ਗੈਂਗ ਦੇ 4 ਮੈਂਬਰ ਗ੍ਰਿਫ਼ਤਾਰ

ਟਾਂਡਾ ਉੜਮੁੜ ।(ਜਸਵਿੰਦਰ ਸੰਧੂ ਉਂਕਾਰ ਸਿੰਘ)- ਜ਼ਿਲਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੁਲਸ ਨੇ ਇਲਾਕੇ ਅੰਦਰ ਟਰਾਂਸਫਾਰਮਰਾਂ ਤੋਂ ਬਿਜਲੀ ਦਾ ਤੇਲ ਚੋਰੀ ਕਰਨ ਵਾਲੇ ਗੈਂਗ ਦੇ 4 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁੱਖ ਅਫਸਰ ਥਾਣਾ ਟਾਂਡਾ ਇੰਸਪੈਕਟਰ ਉਂਕਾਰ ਸਿੰਘ ਬਰਾੜ ਨੇ ਦੱਸਿਆ ਕਿਐਸ.ਆਈ ਗੁਰਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਨੇ ਰੜਾ ਮੋੜ 'ਤੇ ਇੱਕ ਮਹਿੰਦਰਾ ਬੋਲੈਰੋ ਗੱਡੀ ਨੰਬਰ 02- - 9704 ਨੂੰ ਰੋਕਿਆ ਜਿਸ ਵਿੱਚੋਂ 04 ਵਿਅਕਤੀਆਂ ਨੂੰ ਨਸ਼ੀਲੇ ਪਦਾਰਥ ਅਤੇ ਬਿਜਲੀ ਦੇ ਟਰਾਂਸਫਾਰਮਾਂ ਵਿੱਚੋਂ ਚੋਰੀ ਕੀਤੇ ਹੋਏ ਤੇਲ ਸਮੇਤ ਕਾਬੂ ਕੀਤਾ। ਇਹਨਾਂ ਪਾਸੋਂ ਤੇਲ ਕੱਢਣ ਲਈ ਵਰਤਿਆ ਸਾਜੋ ਸਮਾਨ ਵੀ ਬ੍ਰਾਮਦ ਹੋਇਆ। ਇਹਨਾਂ ਨੂੰ ਗ੍ਰਿਫਤਾਰ ਕਰਕੇ ਐਨ.ਡੀ.ਪੀ.ਐਸ ਐਕਟ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਹਿਚਾਣ ਸੁਖਦੀਪ ਸਿੰਘ ਉਰਫ ਸੁੱਖਾ ਪੁੱਤਰ ਸੰਤੋਖ ਸਿੰਘ ਵਾਸੀ ਭੱਟਾ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ,ਮੰਗਲ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਕੋਟਲਾ ਡੂਮ ਥਾਂਣਾ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ, ਹਰਪਾਲ ਸਿੰਘ ਉਰਫ ਬਾਦਲ ਪੁੱਤਰ ਗੁਰਦਿਆਲ ਸਿੰਘ ਵਾਸੀ ਸੰਧੂ ਕਲੋਨੀ ਘਨੂੰਪੁਰ ਕਾਲੇ ਥਾਣਾ ਛੇਹਰਟਾ ਜ਼ਿਲ੍ਹਾ ਅੰਮ੍ਰਿਤਸਰ ਤੇ ਰਿੰਕੂ ਸਾਗਰ ਪੁੱਤਰ ਜਗੀਰ ਸਿੰਘ ਵਾਸੀ ਘਨੂੰਪੁਰ ਕਾਲੇ ਵਾਲਾ ਮੋੜ ਸ੍ਰੀ ਹਰਕ੍ਰਿਸ਼ਨ ਨਗਰ ਗਲੀ ਨੰਬਰ 5 ਥਾਣਾ ਛੇਹਰਟਾ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ। ਇਨ੍ਹਾਂ ਪਾਸੋਂ ਪੁਲਸ ਨੇ 565 ਗ੍ਰਾਮ ਨਸ਼ਲਾ ਪਦਾਰਥ, 370 ਲਿਟਰ ਟਰਾਂਸਫਾਰਮਰ ਦਾ ਤੇਲ, ਇਕ ਮਹਿੰਦਰਾ ਬੋਲੈਰੋ ਗੱਡੀ ਬਰਾਮਦ ਕਰਕੇ ਮਾਮਲਾ ਦਰਜ ਕੀਤਾ ਗਿਆ ਹੈ।

ਪੰਜਾਬ 'ਵਰਸਿਟੀ ਵੱਲੋਂ ਪੰਜਾਬੀ ਲਾਜ਼ਮੀ ਵਿਸ਼ੇ ਨੂੰ ਹਟਾਉਣਾ ਗਲਤ ਫੈਸਲਾ : ਰੰਧਾਵਾ, ਖਿਓਵਾਲੀ

ਚੰਡੀਗੜ੍ਹ (ਗੁਰਜੀਤ ਬਿੱਲਾ) ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਬੀ ਏ ਦੇ ਕੋਰਸਾਂ 'ਚ ਲਾਜ਼ਮੀ ਤੌਰ 'ਤੇ ਪੜ੍ਹਾਏ ਜਾਂਦੇ ਪੰਜਾਬੀ ਵਿਸ਼ੇ ਨੂੰ ਹਟਾਉਣ ਦੀ ਸਖਤ ਨਿਖੇਧੀ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਇਸ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ। ਇਸ ਮੌਕੇ ਪੀ ਐੱਸ ਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ, ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਅਤੇ ਪ੍ਰੈਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਪੰਜਾਬੀ ਵਿਸ਼ੇ ਨੂੰ ਲਾਜਮੀ ਵਿਸ਼ੇ ਵਜੋਂ ਹਟਾਉਣਾ ਪੰਜਾਬੀ ਭਾਸ਼ਾ ਨਾਲ ਧੱਕਾ ਹੈ। ਇਹ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ, ਪੰਜਾਬੀ ਮਾਂ ਬੋਲੀ ਤੋਂ ਦੂਰ ਕਰਨ ਦਾ ਜਰੀਆ ਹੈ। ਇਸ ਨਾਲ ਵੱਡੇ ਪੱਧਰ 'ਤੇ ਵਿਦਿਆਰਥੀ ਪੰਜਾਬੀ ਸਾਹਿਤ ਤੋਂ ਵਾਂਝੇ ਰਹਿ ਜਾਣਗੇ, ਕਿਉਂਕਿ ਸੈਂਕੜੇ ਕਾਲਜ, ਯੂਨੀਵਰਸਿਟੀ ਕੈਂਪਸ ਪੰਜਾਬ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। ਜਿਨਾਂ 'ਚ ਹਜਾਰਾਂ ਵਿਦਿਆਰਥੀ ਪੜ੍ਹਦੇ ਹਨ ਉਹ ਸਭ ਇਸ ਤੋਂ ਸੱਖਣੇ ਹੋਣਗੇ। ਚਾਹੀਦਾ ਤਾਂ ਸੀ ਕਿ ਸਰਕਾਰ, ਸਿਖਿਆ ਅਤੇ ਕਾਨੂੰਨ ਦੀ ਭਾਸ਼ਾ ਵੀ ਮਾਤ-ਭਾਸ਼ਾ ਪੰਜਾਬੀ ਹੁੰਦੀ ਪਰ ਇਹ ਇਸ ਤੋਂ ਉਲਟ ਜਾ ਕੇ ਪੜ੍ਹਾਈ ਜਾਂਦੀ ਭਾਸ਼ਾ ਨੂੰ ਵੀ ਹਟਾ ਰਹੇ ਹਨ। ਆਗੂਆਂ ਕਿਹਾ ਕਿ ਯੂਨੀਅਨ ਹੋਰ ਬੁੱਧੀਜੀਵੀ, ਲੇਖਕਾਂ, ਸਾਹਿਤਕਾਰ, ਜਮਹੂਰੀ ਕਾਰਕੁਨਾਂ ਨੂੰ ਨਾਲ ਲੈ ਕੇ ਪੰਜਾਬ ਭਰ 'ਚ ਜੋਰਦਾਰ ਵਿਰੋਧ ਕਰੇਗੀ।

ਕਾਲਜ ਅਧਿਆਪਕਾਂ ਵੱਲੋਂ ਸਰਕਾਰ ਖ਼ਿਲਾਫ਼ ਰੋਸ ਧਰਨਾ

ਮਾਹਿਲਪੁਰ- (ਸਫਰੀ) ਕਾਲਜ ਦੇ ਅਧਿਆਪਕਾਂ ਦੀ ਜਥੇਬੰਦੀ ਪੰਜਾਬ ਐਂਡ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਦੇ ਸੱਦੇ 'ਤੇ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੀ ਸੀ ਸੀ ਟੀ ਯੂ ਯੂਨਿਟ ਵੱਲੋਂ ਸਰਕਾਰ ਦੀਆਂ ਕਥਿਤ ਸਿੱਖਿਆ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਪ੍ਰੀਖਿਆਵਾਂ ਦਾ ਬਾਈਕਾਟ ਕਰਕੇ ਸਰਕਾਰ ਖ਼ਿਲਾਫ਼ ਰੋਸ ਧਰਨਾ ਦਿੱਤਾ ਗਿਆ ਅਤੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਯੂਨਿਟ ਦੇ ਪ੍ਰਧਾਨ ਡਾ. ਜੇ ਬੀ ਸੇਖੋਂ, ਜਨਰਲ ਸਕੱਤਰ ਡਾ. ਵਰਿੰਦਰ ਨੇ ਕਿਹਾ ਕਿ ਪੰਜਾਬ ਦੇ ਉੱਚ ਸਿੱਖਿਆ ਵਿਭਾਗ ਵੱਲੋਂ ਕੇਂਦਰੀਕ੍ਰਿਤ ਦਾਖਲਾ ਪੋਰਟਲ ਦੁਆਰਾ ਵਿਦਿਆਰਥੀਆਂ ਦਾ ਸੂਬੇ ਦੇ ਕਾਲਜਾਂ 'ਚ ਦਾਖਲਾ ਕਰਨ ਦਾ ਲਿਆ ਫੈਸਲਾ ਮੰਦਭਾਗਾ ਤੇ ਪੱਖਪਾਤੀ ਹੈ ਜਿਸਦੇ ਵਿਰੋਧ 'ਚ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਪਹਿਲਾਂ ਤੋਂ ਹੀ ਵਿੱਤੀ ਘਾਟੇ ਅਤੇ ਵਿਦਿਆਰਥੀਆਂ ਦੀ ਘੱਟ ਗਿਣਤੀ ਨਾਲ ਗੰਭੀਰ ਸੰਕਟ 'ਚ ਚੱਲ ਰਹੇ ਕਾਲਜ ਹੋਰ ਮੁਸ਼ਕਲਾਂ 'ਚ ਘਿਰ ਜਾਣਗੇ। ਇਸ ਮੌਕੇ ਪ੍ਰੋ ਅਰਾਧਨਾ ਦੁੱਗਲ, ਜਸਵਿੰਦਰ ਸਿੰਘ ਅਤੇ ਡਾ. ਰਾਕੇਸ਼ ਕੁਮਾਰ ਨੇ ਕਿਹਾ ਕਿ ਕੇਂਦਰੀਕ੍ਰਿਤ ਦਾਖਲਾ ਪੋਰਟਲ ਨਾਲ ਵਿਦਿਆਰਥੀਆਂ ਅਤੇ ਮਾਪਿਆਂ ਦੀ ਖੱਜਲ ਖੁਆਰੀ ਵੱਧ ਜਾਵੇਗੀ। ਇਸ ਮੌਕੇ ਅਧਿਆਪਕਾਂ ਨੇ 3 ਜੂਨ ਨੂੰ ਚੰਡੀਗੜ੍ਹ ਵਿਖੇ ਪੀਸੀਸੀਟੀਯੂ ਵੱਲੋਂ ਸਰਕਾਰ ਵਿਰੁੱਧ ਰੱਖੀ ਵਿਸ਼ਾਲ ਰੋਸ ਰੈਲੀ 'ਚ ਸ਼ਮੂਲੀਅਤ ਕਰਨ ਦਾ ਫੈਸਲਾ ਲਿਆ। ਇਸ ਮੌਕੇ ਪ੍ਰੋ ਦੇਵ ਕੁਮਾਰ, ਡਾ. ਬਲਵੀਰ ਕੌਰ, ਪ੍ਰੋ ਅਨਿਲ ਕਲਸੀ, ਪ੍ਰੋ ਤਜਿੰਦਰ ਸਿੰਘ, ਪ੍ਰੋ ਦਵਿੰਦਰ ਠਾਕੁਰ ਆਦਿ ਸ਼ਾਮਲ ਸਨ।

ਪਨੀਰੀ ਦੀ ਬਿਜਾਈ ਤੇ ਉਂਗਾਰ ਸਮੇਂ ਧਿਆਨ ਰੱਖਣ ਯੋਗ ਉਪਾਅ ਦੱਸੇ

ਕੁਰਾਲੀ (ਮੋਹਨ ਅੱਗਰਵਾਲ)- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਐਸ.ਏ.ਐਸ ਨਗਰ ਵੱਲੋਂ ਸਾਉਣੀ ਦੀਆਂ ਫਸਲਾਂ ਦੀ ਤਕਨੀਕੀ ਜਾਣਕਾਰੀ ਦੇਣ ਸਬੰਧੀ ਪਿੰਡਾਂ ਵਿੱਚ ਕਿਸਾਨ ਸਿਖਲਾਈ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕੈਂਪਾਂ ਵਿੱਚ ਕੁੱਝ ਕਿਸਾਨਾਂ ਵੱਲੋ ਦੱਸਿਆ ਗਿਆ ਕਿ ਝੋਨੇ ਦੀ ਪਨੀਰੀ ਘੱਟ ਉੱਗ ਰਹੀ ਹੈ। ਪਿੰਡ ਕਰਤਾਰਪੁਰ ਵਿਖੇ ਕਿਸਾਨ ਜਗਜੀਤ ਸਿੰਘ ਵੱਲੋ ਬੀਜੀ ਪਨੀਰੀ ਦਾ ਨਿਰੀਖਣ ਕਰਦੇ ਹੋਏ ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਐਸ.ਏ.ਐਸ ਨਗਰ ਨੇ ਦੱਸਿਆ ਕਿ ਇਨ੍ਹਾਂ ਦਿਨਾਂ 'ਚ ਪਨੀਰੀ ਦੇ ਉੱਗਾਰ ਘੱਟਣ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਪਨੀਰੀ 'ਚ ਲਗਾਤਾਰ ਪਾਣੀ ਖੜ੍ਹਾ ਰਹਿਣ ਕਰਕੇ, ਕਿਉਂਕਿ ਦੁਪਹਿਰ ਵੇਲੇ ਪਾਣੀ ਗਰਮ ਹੋਣ ਕਾਰਨ ਨਰਮ ਉੱਗਰ ਰਹੇ ਬੀਜ ਖਤਮ ਹੋ ਸਕਦੇ ਹਨ,ਖਾਸ ਕਰਕੇ ਚਿਕੜ ਕੱਢੂ ਕਰਕੇ ਬੀਜੀ ਪਨੀਰੀ ਦੇ। ਇਸ ਤੋਂ ਇਲਾਵਾ ਨਦੀਨ ਨਾਸ਼ਕ ਦਵਾਈਆਂ ਦੀ ਉਵਰ ਡੋਜ ਪਾਉਣ ਨਾਲ ਵੀ ਪਨੀਰੀ ਦਾ ਜਮਾਅ ਘਟੇਗਾ, ਬੀਜ ਸੋਧ ਲਈ ਵਰਤਿਆ ਜਾਣ ਵਾਲਾ ਕੈਮੀਕਲ ਫੰਗੀਸਾਈਡ ਵੀ ਵੱਧ ਮਾਤਰਾ 'ਚ ਲੱਗ ਜਾਵੇ ਤਾਂ ਜਮਾਅ ਘਟੇਗਾ, ਕਿਸੇ ਕਾਰਨ ਉੱਗਰ ਰਹੇ ਬੀਜ ਤੇ ਪਨੀਰੀ ਨੂੰ ਪਾਣੀ ਦੀ ਔੜ ਲੱਗ ਜਾਵੇ, ਪਨੀਰੀ ਬੀਜਣ ਵੇਲੇ ਕਿਸੇ ਖਾਦ ਦੀ ਵੱਧ ਮਾਤਰਾ ਪੈ ਜਾਵੇ ਤਾਂ ਵੀ ਉੱਗਾਰ ਘਟੇਗਾ,ਜੇਕਰ ਬੀਜ ਕਿਸੇ ਪਲਾਸਟਿਕ ਦੇ ਬੋਰੇ 'ਚ ਭਿਜਾ ਰਹੇ ਜਾਂ ਉੱਗਾਰ ਲਈ ਯੂਰੀਆ ਵਾਲੀ ਬੋਰੀ 'ਚ ਪਾਇਆ ਜਾਵੇ ਤਾਂ ਸੇਕ ਵੱਜਣ ਨਾਲ ਜਰਮੀਨੇਸ਼ਨ ਬਹੁਤ ਘਟੇਗੀ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਪਨੀਰੀ ਦੇ ਘੱਟ ਉੱਗਰ ਸਬੰਧੀ ਕੁੱਝ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਕਿ ਜਿਸ ਦਿਨ ਝੋਨੇ ਦੀ ਪਨੀਰੀ ਚਿਕੜ ਕਰਕੇ ਬੀਜੀ ਹੋਵੇ ਉਸ ਤੋਂ ਅਗਲੇ ਦਿਨ ਪਾਣੀ ਨਾ ਦਿਉ, ਤੀਸਰੇ ਦਿਨ ਪਾਣੀ ਲਵਾ ਕੇ ਕਿਆਰੀ 'ਚੋਂ ਬਾਹਰ ਕੱਢ ਦਿਉ। ਪਨੀਰੀ ਸਵੇਰੇ ਬੀਜ ਰਹੇ ਹੋ ਤਾਂ ਫਾਲਤੂ ਪਾਣੀ ਬਿਲਕੁਲ ਖੜ੍ਹਾ ਨਾ ਰਹੇ, ਨਦੀਨ ਨਾਸ਼ਕ ਦਵਾਈ ਦੀ ਡੋਜ ਸਹੀ ਰੱਖੋ, ਕਿਸੇ ਕੈਮੀਕਲ ਨਾਲ ਬੀਜ ਸੋਧ ਰਹੇ ਹੋ ਤਾਂ ਡੋਜ ਵਧੇਰੇ ਨਾ ਲੱਗੇ, ਕੋਸ਼ਿਸ਼ ਕਰੋ ਕਿ ਬੀਜ ਨੂੰ ਬੀਜਣ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 ਡਬਲਯੂ ਐਸ ਨਾਲ ਸੋਧ ਕੀਤੀ ਜਾਵੇ। ਇਸ ਨਾਲ ਬੀਜ ਦੀ ਬਿਮਾਰੀ ਖਤਮ ਹੋ ਜਾਵੇਗੀ ਅਤੇ ਉੱਗਾਰ ਵੀ ਪੂਰਾ ਮਿਲੇਗਾ। ਇਸ ਦੇ ਨਾਲ ਜਦੋਂ ਪਨੀਰੀ 8-10 ਦਿਨਾਂ ਦੀ ਹੋਣ ਤੱਕ ਦੁਪਹਿਰ ਵੇਲੇ ਪਾਣੀ ਖੜ੍ਹਾ ਨਾ ਰਹੇ ਬਸ ਕਿਆਰੀ ਗਿੱਲੀ ਕਰੋ ਤੇ ਪਾਣੀ ਅੱਗੇ ਕੱਢ ਦਿਉ। ਇਸ ਮੌਕੇ ਕਿਸਾਨ ਰਾਜਿੰਦਰ ਸਿੰਘ, ਬਲਜਿੰਦਰ ਸਿੰਘ ਅਤੇ ਦਵਿੰਦਰ ਸਿੰਘ ਹਾਜਰ ਸਨ।

ਕੇਂਦਰ ਸਰਕਾਰ ਦੀਆਂ 9 ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਦਿੱਤੀ ਜਾਣਕਾਰੀ

ਜਲੰਧਰ-(ਸ਼ੈਲੀ ਐਲਬਰਟ)-: ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗੁਵਾਈ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਪਿਛਲੇ 9 ਸਾਲਾਂ ਦੀਆਂ ਪ੍ਰਾਪਤੀਆਂ ਤੋਂ ਪੰਜਾਬ ਦੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਸ਼ੁਰੂ ਕੀਤੇ ਗਏ 'ਮਹਾਂ ਜਨਸੰਪਰਕ ਅਭਿਆਨ' ਦੇ ਤਹਿਤ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਕੇਂਦਰੀ ਸਹਿਕਾਰਤਾ ਰਾਜ ਮੰਤਰੀ ਬੀ.ਐਲ. ਵਰਮਾ ਨੇ ਕੇਂਦਰ ਸਰਕਾਰ ਦੀਆਂ ਪਿਛਲੇ 9 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਮੀਡੀਆ ਦੇ ਸਾਹਮਣੇ ਰੱਖਿਆ। ਉਨ੍ਹਾਂ ਨਾਲ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਵੀ ਮੌਜੂਦ ਸਨ। ਇਸ ਮੌਕੇ ਸੂਬਾ ਜਨਰਲ ਸਕੱਤਰ ਰਾਜੇਸ਼ ਬਾਘਾ, ਸੂਬਾ ਮੀਤ ਪ੍ਰਧਾਨ ਡਾ: ਸੁਭਾਸ਼ ਸ਼ਰਮਾ, ਰਾਕੇਸ਼ ਰਾਠੌਰ, ਸੂਬਾ ਮੀਡੀਆ ਇੰਚਾਰਜ ਜਨਾਰਦਨ ਸ਼ਰਮਾ, ਸੂਬਾ ਆਈ.ਟੀ ਇੰਚਾਰਜ ਰਾਕੇਸ਼ ਗੋਇਲ, ਭਾਜਪਾ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਸ਼ਰਮਾ, ਸਾਬਕਾ ਸੀਪੀਐਸ ਕੇਡੀ ਭੰਡਾਰੀ, ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ, ਸਾਬਕਾ ਵਿਧਾਇਕ ਅਵਿਨਾਸ਼ ਚੰਦਰ, ਸੂਬਾ ਕਾਰਜਕਾਰਨੀ ਮੈਂਬਰ ਤੇ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਮਨ ਪੱਬੀ,

1-Jun-PAGE- 9.qxd 5/31/2023 9:41 PM Page 1

ਪੰਜਾਬੀ ਭਾਸ਼ਾ ਦੇ ਮਾਣ-ਸਨਮਾਨ ਦੀ ਬਹਾਲੀ ਲਈ ਰੋਸ ਮਾਰਚ ਅੱਜ

ਚੰਡੀਗੜ੍ਹ, (ਗੁਰਜੀਤ ਬਿੱਲਾ) ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨੂੰ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਦਾ ਦਰਜਾ ਦਿਵਾਉਣ ਲਈ ਲਗਾਤਾਰ ਯਤਨਸ਼ੀਲ ਚੰਡੀਗੜ੍ਹ ਪੰਜਾਬੀ ਮੰਚ ਵੱਲੋਂ 1 ਜੂਨ ਨੂੰ ਕੱਢੇ ਜਾਣ ਵਾਲੇ ਸ਼ਾਂਤਮਈ ਪੈਦਲ ਰੋਸ ਮਾਰਚ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਰੋਸ ਮਾਰਚ ਲਈ ਲਾਮਬੰਦੀ ਕਰਨ ਵਾਸਤੇ ਪਿੰਡ ਰਾਏਪੁਰ ਖੁਰਦ ਵਿਖੇ ਹੋਈ ਆਖਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਹੱਲੋਮਾਜਰਾ, ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ, ਗੁਰਮੁਖ ਸਿੰਘ, ਰਣਜੀਤ ਸਿੰਘ, ਤਰਕਸ਼ੀਲ ਸੁਸਾਇਟੀ ਤੋਂ ਜੋਗਾ ਸਿੰਘ, ਕਿਸਾਨ ਆਗੂ ਸ਼ਰਨਜੀਤ ਸਿੰਘ ਆਦਿ ਨੇ ਕਿਹਾ ਕਿ ਰੋਸ ਮਾਰਚ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਪੇਂਡੂ ਸੰਘਰਸ਼ ਕਮੇਟੀ ਚੰਡੀਗੜ੍ਹ, ਤਰਕਸ਼ੀਲ ਸੁਸਾਇਟੀ ਅਤੇ ਕਿਸਾਨ ਯੂਨੀਅਨ ਦੇ ਸਹਿਯੋਗ ਨਾਲ ਚੰਡੀਗੜ੍ਹ ਦੇ ਲਗਭਗ ਸਾਰੇ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਲੋਕਾਂ ਨੂੰ ਸੱਦਾ ਦੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਇਸ ਵਾਰ ਮਿਲੇ ਭਰੂਵੇਂ ਹੁੰਗਾਰੇ ਦਾ ਅਸਰ 1 ਜੂਨ ਨੂੰ ਦਿਖਾਈ ਦੇਵੇਗਾ ਅਤੇ ਯੂ.ਟੀ. ਪ੍ਰਸ਼ਾਸਨ ਨੂੰ ਚੰਡੀਗੜ੍ਹ ਪੰਜਾਬੀ ਮੰਚ ਦੇ ਬੈਨਰ ਹੇਠ ਲੋਕੀਂ ਰੋਸ ਮਾਰਚ ਵਿੱਚ ਸ਼ਾਮਿਲ ਹੋ ਕੇ ਪੰਜਾਬੀ ਭਾਸ਼ਾ ਨੂੰ ਚੰਡੀਗੜ੍ਹ ਵਿੱਚ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਦਾ ਦਰਜਾ ਦਿਵਾਉਣ ਦੀ ਮੰਗ ਦੁਹਰਾਉਣਗੇ। ਮੀਟਿੰਗ ਵਿੱਚ ਬੁਲਾਰਿਆਂ ਨੇ ਕੇਂਦਰ ਵਿਚਲੀ ਮੋਦੀ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਉਤੇ ਕੀਤੇ ਜਾ ਰਹੇ ਲਗਾਤਾਰ ਹਮਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਵੀ ਕੀਤੀ ਅਤੇ ਕਿਹਾ ਕਿ ਦਿੱਲੀ ਅਤੇ ਚੰਡੀਗੜ੍ਹ ਵਿਖੇ ਅਕਾਸ਼ਵਾਣੀ ਰਾਹੀਂ ਪੰਜਾਬੀ ਭਾਸ਼ਾ ਵਿੱਚ ਖ਼ਬਰਾਂ ਪ੍ਰਸਾਰਿਤ ਹੋਣ ਉਤੇ ਰੋਕ ਲਾਉਣੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪੰਜਾਬੀ ਵਿਸ਼ੇ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਤੋਂ ਹਟਾਉਣ ਵਰਗੇ ਫ਼ੈਸਲੇ ਵੀ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 1 ਜੂਨ ਦੀ ਸਵੇਰ ਨੂੰ 11 ਵਜੇ ਤੋਂ ਕੱਢਿਆ ਜਾਣ ਵਾਲਾ ਇਹ ਪੈਦਲ ਰੋਸ ਮਾਰਚ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30 ਤੋਂ ਸ਼ੁਰੂ ਹੋ ਕੇ ਸੈਕਟਰ 22 ਸਥਿਤ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਸਮਾਪਤ ਹੋਵੇਗਾ। ਉਨ੍ਹਾਂ ਨੇ ਔਰਤਾਂ ਸਮੇਤ ਵੱਧ ਤੋਂ ਵੱਧ ਲੋਕਾਂ ਨੂੰ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਪੁਲਸ ਵੱਲੋਂ ਕਮਰਸ਼ੀਅਲ ਕੇਸਾਂ 'ਚ ਸ਼ਾਮਲ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਣ ਲਈ ਚਲਾਈ ਮਹਿਮ ਤਹਿਤ ਕੀਤੀ ਕਾਰਵਾਈ

ਨਵਾਂਸਹਿਰ (ਮਨੋਜ ਲਾਡੀ)

ਮਾਨਯੋਗ ਡਾਇਰੈਕਟਰ ਜਰਨਲ ਪੁਲਸ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਸ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਸ ਵੱਲੋਂ ਕਮਰਸ਼ੀਅਲ ਮਾਤਰਾ ਦੇ ਕੇਸ਼ਾਂ 'ਚ ਸ਼ਾਮਲ ਨਸ਼ਾ ਤਸਕਰਾਂ ਖਿਲਾਫ ਸਿੰਕਜਾ ਕਸਦੇ ਹੋਏ 31 ਜੁਲਾਈ ਨੂੰ ਜਿਲ੍ਹਾ ਅੰਦਰ ਵਿਸ਼ੇਸ਼ ਅਭਿਆਨ ਚਲਾਇਆ ਗਿਆ। ਇਸ ਸਰਚ ਅਪਰੇਸ਼ਨ 'ਚ ਸ੍ਰੀ ਭਾਗੀਰਥ ਸਿੰਘ ਮੀਨਾ, ਸੀਨੀਅਰ ਕਪਤਾਨ ਪੁਲਸ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਖੁਦ ਫੀਲਡ 'ਚ ਜਾ ਕੇ ਚਲਾਈ ਮੁਹਿਮ ਦੀ ਅਗਵਾਈ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆ ਭਾਗੀਰਥ ਸਿੰਘ ਮੀਨਾ, ਸੀਨੀਅਰ ਕਪਤਾਨ ਪੁਲਸ ਸ਼ਹੀਦ ਭਗਤ ਸਿੰਘ ਨਗਰ ਨੇ ਦਸਿਆ ਕਿ ਵੱਖ-ਵੱਖ ਪੁਲਸ ਪਾਰਟੀਆਂ ਬਣਾ ਕੇ ਚਲਾਈ ਮੁਹਿਮ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 'ਚ ਕਮਰਸ਼ੀਆਲ ਮਾਤਰਾ ਦੇ ਕੇਸਾਂ 'ਚ ਸ਼ਾਮਲ ਰਹੇ 18 ਨਸ਼ਾ ਤਸਕਰਾਂ ਦੇ ਘਰਾਂ ਦੀ ਤਲਾਸ਼ੀ ਕੀਤੀ ਗਈ। ਅਪਰੇਸ਼ਨ ਦਾ ਮਕਸੱਦ ਨਸ਼ਾ ਵੇਚਣ ਵਾਲੇ ਵਿਆਕਤੀਆ 'ਤੇ ਦਬਾਅ ਬਣਾਈ ਰਖਣਾ ਉਹਨਾ ਦੀ ਮੌਜੂਦਾ ਗਤੀਵਿਧੀਆ 'ਤੇ ਨਿਗਰਾਨੀ ਰੱਖਣਾ ਇਹਨਾਂ ਦੀ ਚੇਨ ਨੂੰ ਐਕਟਿਵ ਨਾ ਹੋਣ ਦੇਣਾ ਅਤੇ ਆਮ ਪਬਲਿਕ 'ਚ ਪੁਲਸ ਪ੍ਰਤੀ ਵਿਸਵਾਸ਼ ਪੈਦਾ ਕਰਨਾ ਹੈ।

ਇਨੋਕਿਡਜ਼ ਦੇ ਬੱਚਿਆਂ ਨੇ 'ਸੇਵ ਮਾਈ ਮਦਰ ਨੇਚਰ' ਦਾ ਦਿੱਤਾ ਸੁਨੇਹਾ

ਜਲੰਧਰ -(ਸ਼ੈਲੀ ਐਲਬਰਟ)-: ਇਨੋਸੈਂਟ ਹਾਰਟਸ ਦੇ ਇੰਨੋਕਿਡਜ਼ ਵਿੱਚ ਜਮਾਤ ਡਿਸਕਵਰਸ ਦੇ ਬੱਚਿਆਂ ਨੇ ਵਿਵੇਸ਼ੀਅਸ ਵਾਈਬ੍ਰੇਂਸ ਦੇ ਤਹਿਤ ਸੇਵ ਮਾਈ ਮਦਰ ਨੇਚਰ ਦਾ ਸੰਦੇਸ਼ ਪੇਸ਼ ਕਰਦੇ ਹੋਏ ਇੱਕ ਰੰਗਾਰੰਗ ਪ੍ਰੋਗਰਾਮ ਨਾਲ ਸਾਰਿਆਂ ਦਾ ਮਨ ਮੋਹ ਲਿਆ। ਸਟੇਜ ਦਾ ਸੰਚਾਲਨ ਵਿਦਿਆਰਥੀ ਸਭਾ ਦੇ ਬੱਚਿਆਂ ਵੱਲੋਂ ਬਾਖੂਬੀ ਨਿਭਾਇਆ ਗਿਆ।ਸਭ ਤੋਂ ਪਹਿਲਾਂ ਵਿਦਿਆਰਥੀਆਂ ਵੱਲੋਂ ਸਵਾਗਤੀ ਭਾਸ਼ਣ ਪੜ੍ਹਿਆ ਗਿਆ। ਇਸ ਤੋਂ ਬਾਅਦ ਸ਼੍ਰੀਮਤੀ ਪਲਕ ਗੁਪਤਾ ਬੌਰੀ (ਡਾਇਰੈਕਟਰ ਸੀ.ਐੱਸ.ਆਰ.), ਸ਼੍ਰੀਮਤੀ ਗੁਰਵਿੰਦਰ ਕੌਰ (ਡਿਪਟੀ ਡਾਇਰੈਕਟਰ ਐਗਜਾਮੀਨੇਸ਼ਨ), ਸ਼੍ਰੀਮਤੀ ਸ਼ਰਮੀਲਾ ਨਾਕਰਾ (ਡਿਪਟੀ ਡਾਇਰੈਕਟਰ ਕਲਚਰਲ ਅਫੇਅਰਜ਼) ਅਤੇ ਪ੍ਰਿੰਸੀਪਲ ਰਾਜੀਵ ਪਾਲੀਵਾਲ ਨੇ ਗ੍ਰੀਨ ਮਾਡਲ ਟਾਊਨ ਵਿੱਚ ਸ਼ਮ੍ਹਾ ਰੌਸ਼ਨ ਕੀਤੀ। ਇਨੋਸੈਂਟ ਹਾਰਟਸ ਦੇ ਛੋਟੇ ਬੱਚਿਆਂ ਦੁਆਰਾ ਸਭ ਤੋਂ ਪਹਿਲਾਂ ਮਾਤ ਭੂਮੀ ਦੀ ਪ੍ਰਸ਼ੰਸਾ ਕੀਤੀ ਗਈ।ਕਲਾਸ ਡਿਸਕਵਰਜ਼ ਦੇ ਬੱਚਿਆਂ ਵੱਲੋਂ ਖੋਲੋ ਖੋਲੋ ਦਰਵਾਜ਼ੇ ਡਾਂਸ ਪੇਸ਼ ਕਰਕੇ ਬ੍ਰਹਿਮੰਡ ਦੀ ਅਨੰਤ ਸੁੰਦਰਤਾ ਦਾ ਪ੍ਰਦਰਸ਼ਨ ਕੀਤਾ ਗਿਆ।ਜਗਮਗ ਤਾਰੇ ਦੇ ਨਾਚ ਰਾਹੀਂ ਰਾਤ ਦੇ ਅਸਮਾਨ 'ਚ ਚਮਕਦੇ ਚੰਦ ਅਤੇ ਟਿਮਟਮਾਉਂਦੇ ਤਾਰਿਆਂ ਨੂੰ ਪੇਸ਼ ਕਰਕੇ ਰਾਤ ਦੀ ਅਨੌਖੀ ਸੁੰਦਰਤਾ ਦਾ ਨਜ਼ਾਰਾ ਪੇਸ਼ ਕੀਤਾ। ਨਾਗਾ ਡਾਂਸ ਚ ਜੰਗਲ ਦੀ ਹਰਿਆਲੀ ਦਾ ਅਨੋਖਾ ਨਜ਼ਾਰਾ ਪੇਸ਼ ਕੀਤਾ ਗਿਆ ਅਤੇ ਆਵਾਰਾ ਭੰਵਰੇ ਡਾਂਸ 'ਚ ਮੋਗਲੀ ਦਾ ਕਿਰਦਾਰ ਨਿਭਾਉਂਦੇ ਹੋਏ ਬੱਚਿਆਂ ਵੱਲੋਂ ਮੋਗਲੀ ਨਾਲ ਜੰਗਲ ਦੀ ਸੈਰ ਦਾ ਨਜ਼ਾਰਾ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ।ਧਰਤੀ, ਅਸੀਂ ਇਕੱਠੇ ਹਾਂ ਡਾਂਸ ਪੇਸ਼ਕਾਰੀ ਰਾਹੀਂ ਕੁਦਰਤ ਦੀ ਸੰਭਾਲ ਲਈ ਜ਼ਰੂਰੀ ਸੰਦੇਸ਼ ਦਿੱਤੇ ਗਏ। ਬੱਚਿਆਂ ਦੀ ਇਸ ਸ਼ਾਨਦਾਰ ਪੇਸ਼ਕਾਰੀ ਨੂੰ ਸਾਰਿਆਂ ਨੇ ਖੂਬ ਸਲਾਹਿਆ। ਪ੍ਰਗੁਨ ਵੱਲੋਂ ਧੰਨਵਾਦ ਦਾ ਮਤਾ ਪੜ੍ਹਿਆ ਗਿਆ।ਅੰਤ ਵਿੱਚ ਰਾਸ਼ਟਰੀ ਗੀਤ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।

ਜੀ ਆਰ ਡੀ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ 100 ਫੀਸਦੀ

ਫਗਵਾੜਾ (ਡਾ. ਰਮਨ, ਢੱਡਾ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ 10+2 ਦੀ ਸਲਾਨਾ ਪ੍ਰੀਖਿਆ 'ਚ ਜੀ ਆਰ ਡੀ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਰੋਡ ਫਗਵਾੜਾ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਦੇ ਪ੍ਰਿੰਸੀਪਲ ਜੈਰਾਮ ਭੱਲਾ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਦੌਰਾਨ ਸਕੂਲ ਟਰੱਸਟ ਦੇ ਚੇਅਰਮੈਨ ਵੀ ਸੀ ਸਰੋਆ, ਜਨਰਲ ਸਕੱਤਰ ਤਾਰਾ ਚੰਦ ਚੁੰਬਰ, ਵਿੱਤ ਸਕੱਤਰ ਦਰਸ਼ਨ ਲਾਲ ਲੇਖ ਤੋਂ ਇਲਾਵਾ ਟਰੱਸਟ ਦੇ ਮੈਂਬਰ ਅਸ਼ੋਕ ਭਾਟੀਆ ਨੇ ਇਸ ਪ੍ਰਾਪਤੀ ਦਾ ਸਿਹਰਾ ਵਿਦਿਆਰਥੀਆਂ ਦੀ ਲਗਨ ਅਤੇ ਸਕੂਲ ਸਟਾਫ਼ ਦੀ ਮਿਹਨਤ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸਹੂਲਤ ਲਈ ਹਫ਼ਤੇ ਵਿੱਚ ਦੋ ਦਿਨ ਆਈਲੈਟਸ ਅਤੇ ਅੰਗਰੇਜ਼ੀ ਸਪੀਕਿੰਗ ਦੀਆਂ ਕਲਾਸਾਂ ਜਲਦੀ ਹੀ ਸ਼ੁਰੂ ਕੀਤੀਆਂ ਜਾਣਗੀਆਂ।

ਰੋਟਰੀ ਆਈ ਬੈਂਕ ਨੇ ਕਾਇਮ ਕੀਤੀ ਮਿਸਾਲ: ਕੈਬਨਿਟ ਮੰਤਰੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਰੋਟਰੀ ਆਈ ਬੈਂਕ ਅਤੇ ਕੋਰਨੀਆ ਟ੍ਰਾਂਸਪਲਾਂਟੇਸ਼ਨ ਸੁਸਾਇਟੀ ਦੇ ਪ੍ਰਤੀਨਿਧੀ ਮੰਡਲ ਨੇ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਪ੍ਰਧਾਨਗੀ ਹੇਠ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨਾਲ ਭੇਂਟ ਕੀਤੀ ਅਤੇ ਸਰਕਾਰ ਦੁਆਰਾ ਡਰਾਈਵਿੰਗ ਲਾਇਸੈਂਸ ਦੇ ਫਾਰਮ ਵਿੱਚ ਨੇਤਰਦਾਨ ਸੰਬੰਧੀ ਕਾਲਮ ਜੋੜਨ ਲਈ ਉਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਰੋੜਾ ਨੇ ਮੰਤਰੀ ਭੁੱਲਰ ਨੂੰ ਨੇਤਰਦਾਨ ਜਾਗਰੂਕਤਾ ਮੁਹਿੰਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰੋਟਰੀ ਆਈ ਬੈਂਕ ਜਨਤਾ ਦੇ ਸਹਿਯੋਗ ਨਾਲ ਹੁਣ ਤੱਕ 3800 ਤੋਂ ਵੱਧ ਲੋਕਾਂ ਨੂੰ ਅੱਖਾਂ ਲਗਾ ਕੇ ਰੋਸ਼ਨੀ ਪ੍ਰਦਾਨ ਕਰ ਚੁੱਕਿਆ ਹੈ ਅਤੇ ਹੁਣ ਲੋਕ ਸਰੀਰ ਦਾਨ ਲਈ ਵੀ ਅੱਗੇ ਆਉਣ ਲੱਗੇ ਹਨ। ਅਰੋੜਾ ਨੇ ਦੱਸਿਆ ਕਿ ਸੰਸਥਾ ਦੀ ਲੰਬੇ ਸਮੇਂ ਤੋਂ ਮੰਗ ਸੀ ਕਿ ਡਰਾਈਵਿੰਗ ਲਾਇਸੈਂਸ ਦੇ ਫਾਰਮ ਵਿੱਚ ਨੇਤਰਦਾਨ ਸੰਬੰਧੀ ਕਾਲਮ ਐਡ ਕਰਕੇ ਇਸ ਮੁਹਿੰਮ ਵਿੱਚ ਤੇਜ਼ੀ ਲਿਆਉਣ ਦਾ ਸਹਿਯੋਗ ਕੀਤਾ ਜਾਵੇ। ਜਿਸ 'ਤੇ ਸਰਕਾਰ ਨੇ ਜੋ ਫੈਸਲਾ ਲਿਆ ਹੈ ਉਸ ਦੇ ਲਈ ਸੰਸਥਾ ਹਮੇਸ਼ਾ ਸਰਕਾਰ ਦੀ ਅਹਿਸਾਨਮੰਦ ਰਹੇਗੀ। ਇਸ ਦੌਰਾਨ ਸੁਸਾਇਟੀ ਦੇ ਚੇਅਰਮੈਨ ਜੇ ਬੀ ਬਹਿਲ ਨੇ ਮੰਤਰੀ ਭੁੱਲਰ ਨੂੰ ਦੱਸਿਆ ਕਿ ਕਿਸੇ ਦੀ ਵੀ ਮੌਤ ਤੋਂ ਬਾਅਦ ਨੇਤਰਦਾਨ ਸੰਬੰਧੀ ਜਾਣਕਾਰੀ ਮਿਲਣ ਤੋਂ ਕੁਝ ਹੀ ਘੰਟਿਆਂ ਵਿੱਚ ਰੋਟਰੀ ਆਈ ਬੈਂਕ ਦੇ ਸੰਪਰਕ ਵਿਚ ਆਈ ਹਸਪਤਾਲ ਤੋਂ ਟੀਮ ਉਨਾਂ ਦੇ ਘਰ ਪੁੱਜ ਜਾਂਦੀ ਹੈ ਅਤੇ ਕੇਵਲ 10-15 ਮਿੰਟ ਦੀ ਪ੍ਰਕਿਰਿਆ ਨਾਲ ਅੱਖਾਂ ਦਾਨ ਲਈਆਂ ਜਾਂਦੀਆਂ ਹਨ। ਦੋ ਸਿਹਤਮੰਦ ਅੱਖਾਂ ਦੋ ਲੋਕਾਂ ਦੀ ਜ਼ਿੰਦਗੀ ਰੋਸ਼ਨ ਕਰਦੀਆਂ ਹਨ। ਮੰਤਰੀ ਭੁੱਲਰ ਨੇ ਸੁਸਾਇਟੀ ਨੂੰ ਵਿਭਾਗ ਅਤੇ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਦੌਰਾਨ ਉਨ੍ਹਾ ਆਪਣੇ ਨੇਤਰਦਾਨ ਸੰਬੰਧੀ ਪ੍ਰਣ ਪੱਤਰ ਵੀ ਭਰਿਆ। ਇਸ ਮੌਕੇ ਮਦਨ ਲਾਲ ਮਹਾਜਨ ਅਤੇ ਜਸਵੀਰ ਸਿੰਘ ਆਦਿ ਮੌਜੂਦ ਸਨ।

ਗੁਰਦੁਆਰਾ ਸਿੰਘ ਸਭਾ 'ਚ ਸਾਬਕਾ ਸੈਨਿਕਾਂ ਦੀ ਮੀਟਿੰਗ

ਕਾਲਾ ਸੰਘਿਆਂ (ਮਨਜੀਤ ਮਾਨ)-ਦਿਲੀ ਜੰਤਰ ਮੰਤਰ 'ਤੇ ਧਰਨੇ 'ਤੇ ਬੈਠੇ ਸਾਬਕਾ ਸੈਨਿਕਾਂ ਦੇ ਸਮਰਥਨ ਵਾਸਤੇ ਕੈਪਟਨ ਕੁਲਵੰਤ ਸਿੰਘ ਰੰਧਾਵਾ ਜਨਰਲ ਸੈਕਟਰੀ ਡਿਫੈਂਸ ਵੈਟਰਨਜ਼ ਆਰਗੇਨਾਈਜੇਸ਼ਨ ਪੰਜਾਬ ਦੀ ਪ੍ਰਧਾਨਗੀ ਹੇਠ ਇੱਕ ਅਹਿਮ ਮੀਟਿੰਗ ਕੀਤੀ ਗਈ। ਉਕਤ ਆਗੂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੇਂਦਰ ਸਰਕਾਰ ਤੋਂ ਮੰਗਾਂ ਮਨਵਾਉਣ ਲਈ ਸੈਨਿਕ ਏਕਤਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾ ਕਿਹਾ ਕਿ ਇਹ ਲੜਾਈ ਇਕੱਲਿਆਂ ਨਹੀਂ ਲੜੀ ਜਾ ਸਕਦੀ, ਇਕੱਠਿਆਂ ਲੜ ਕੇ ਜਿੱਤੀ ਜਾ ਸਕਦੀ ਹੈ। ਦਿੱਲੀ ਸਾਡੇ ਪ੍ਰਧਾਨ ਤੇ ਕਪਿਲ ਫੌਜੀ ਧਰਨਾ ਦੇ ਕੇ ਸੈਨਿਕ ਹੱਕਾਂ ਦੀ ਲੜਾਈ ਲੜ ਰਹੇ ਹਨ । ਕੇਂਦਰ ਸਰਕਾਰ ਇਹ ਮਹਿਸੂਸ ਕਰਨ ਲਗ ਪਈ ਹੈ ਕਿ ਵਾਕਿਆ ਓ ਆਰ ਤੇ ਜੇ ਸੀ ਓ ਨਾਲ ਬੇਇਨਸਾਫੀ ਹੋਈ ਹੈ। ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਮਿਲਿਆ। ਮੀਟਿੰਗ ਵਿਚ ਜਲੰਧਰ ਤੋਂ ਪ੍ਰਧਾਨ ਆਨਰੇਰੀ ਕੈਪਟਨ ਅਨਿਲ ਕੁਮਾਰ, ਫਿਲੋਰ ਤੋਂ ਪ੍ਰਧਾਨ ਬਲਰਾਜ ਵਿਸ਼ਿਸ਼ਟ, ਸੂਬੇਦਾਰ ਜਸਵੰਤ ਰਾਏ, ਨੰਬਰਦਾਰ ਜਸਪਾਲ ਸਿੰਘ, ਮੋਹਣ ਸਿੰਘ ਤੇ ਤਰਸੇਮ ਲਾਲ, ਨੂਰਮਹਿਲ ,ਪ੍ਰਧਾਨ ਮਨਜੀਤ ਸਿੰਘ ਮਹਿਤਪੁਰ, ਪ੍ਰਧਾਨ ਡਾ. ਜਗਦੀਸ਼ ਚੰਦਰ ਕਵਾਤਰਾ, ਵਾਈਸ ਪ੍ਰਧਾਨ ਸੂਬੇਦਾਰ ਗੁਰਮੀਤ ਸਿੰਘ, ਓ ਜੀ ਹਰਜਿੰਦਰ ਸਿੰਘ, ਸਰਵਣ ਸਿੰਘ, ਹਵਾਲਦਾਰ ਗੁਰਮੀਤ ਸਿੰਘ, ਸਾਬਕਾ ਸੈਨਿਕ ਵਿਧਵਾਵਾਂ, ਬੱਚੇ ਤੇ ਹੋਰ ਹਾਜ਼ਰ ਸਨ।

ਪੁਲਸ ਜਬਰ ਖਿਲਾਫ ਕੀਤੇ ਜਾ ਰਹੇ ਕੈਂਡਲ ਮਾਰਚ 'ਚ ਸ਼ਾਮਲ ਹੋਣ ਦੀ ਅਪੀਲ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਪਹਿਲਵਾਨ ਬੇਟੀਆਂ ਵੱਲੋਂ ਅਪਣੇ ਨਾਲ ਹੋਏ ਜਿਣਸੀ ਦੁਰਵਿਹਾਰ ਤੇ ਪੁਲਸ ਜਬਰ ਖਿਲਾਫ ਇਨਸਾਫ ਲੈਣ ਲਈ ਅਤੇ ਦੋਸ਼ੀ ਭਾਜਪਾ ਸਾਂਸਦ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਗ੍ਰਿਫਤਾਰ ਕਰਵਾਉਣ ਲਈ ਲੜੀ ਜਾ ਰਹੀ ਲੜਾਈ ਦੇ ਸਮਰਥਨ ਵਿਚ ਅਤੇ ਉਨ੍ਹਾਂ ਦੇ ਸਾਥੀਆਂ ਦੇ ਹੱਕ ਵਿੱਚ 31 ਮਈ ਠੀਕ ਸ਼ਾਮ 7.00 ਵਜੇ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਇਕੱਠੇ ਹੋ ਕੇ ਕੈਂਡਲ ਮਾਰਚ ਕੀਤਾ ਜਾਵੇਗਾ। ਸਮੂਹ ਇਨਸਾਫ ਪਸੰਦ, ਜਮਹੂਰੀ ਅਤੇ ਲੋਕ ਹਿੱਤਾਂ ਦੀਆਂ ਪਹਿਰੇਦਾਰ ਜਥੇਬੰਦੀਆਂ / ਸੰਸਥਾਵਾਂ ਅਤੇ ਲੋਕਾਂ ਨੂੰ 31 ਮਈ, ਠੀਕ ਸ਼ਾਮ 7.00 ਵਜੇ, ਸ਼ਹੀਦ ਊਧਮ ਸਿੰਘ ਪਾਰਕ ਵਿਖੇ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

ਵੈਟਰਨਜ਼ ਐਸੋਸੀਏਸ਼ਨ ਵੱਲੋਂ ਮੰਗਾਂ ਸੰਬੰਧੀ ਐੱਸ ਡੀ ਐੱਮ ਮੋਰਿੰਡਾ ਰਾਹੀਂ ਰਾਸ਼ਟਰਪਤੀ ਨੂੰ ਮੈਮੋਰੈਂਡਮ

ਮੋਰਿੰਡਾ (ਜੈਜੀ ਸਰਦਾਰ)-ਦੇਸ਼ ਦੀ ਅਜ਼ਾਦੀ ਨੂੰ ਬਰਕਰਾਰ ਰੱਖਣ ਲਈ ਭਾਰਤੀ ਫੌਜ ਵਿੱਚ ਸੇਵਾ ਕਰਨ ਵਾਲੇ ਸਾਬਕਾ ਫੌਜੀਆਂ ਦੀ ਜਥੇਬੰਦੀ ਫੈਡਰੇਸ਼ਨ ਆਫ ਵੈਟਰਨਜ਼ ਐਸੋਸੀਏਸ਼ਨ ਵੱਲੋਂ ਆਪਣੀਆਂ ਲੰਬੇ ਸਮੇਂ ਤੋਂ ਲਮਕਦੀਆਂ ਮੰਗਾਂ ਸੰਬੰਧੀ ਦਿਪਾਂਕਰ ਗਰਗ ਐਸ ਡੀ ਐਮ ਮੋਰ

1-JUNE-PAGE-10.qxd 5/31/2023 9:35 PM Page 1

ਬੀ ਕੇ ਯੂ ਕ੍ਰਾਂਤੀਕਾਰੀ ਨੇ ਵੱਖ-ਵੱਖ ਥਾਈਂ ਸਾੜੇ ਮੋਦੀ ਦੇ ਪੁਤਲੇ

ਮੋਗਾ (ਅਮਰਜੀਤ ਬੱਬਰੀ)

ਬੀ ਕੇ ਯੂ ਕ੍ਰਾਂਤੀਕਾਰੀ ਜ਼ਿਲ੍ਹਾ ਕਮੇਟੀ ਮੋਗਾ ਵੱਲੋਂ ਸੱਦਾ ਦਿੱਤਾ ਸੀ ਕਿ ਇਸ ਹਕੂਮਤੀ ਫ਼ਾਸ਼ੀ ਜਬਰ ਵਿਰੁੱਧ ਮੋਦੀ ਸਰਕਾਰ ਦੀਆਂ ਅਰਥੀਆਂ ਸਾੜ ਕੇ ਮਹਿਲਾ ਪਹਿਲਵਾਨਾਂ ਦੇ ਘੋਲ ਨਾਲ ਇੱਕਮੁਠਤਾ ਜ਼ਾਹਰ ਕੀਤੀ ਜਾਵੇ ਅਤੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਤੇ ਸਜ਼ਾ ਦਿਵਾਉਣ ਲਈ ਮੋਦੀ ਸਰਕਾਰ ਦੀਆਂ ਅਰਥੀਆਂ ਸਾੜੀਆਂ ਜਾਣ।

ਇਸ ਲੜੀ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਨੱਥੂਵਾਲਾ ਗਰਬੀ, ਮਾਹਲਾ, ਵੈਰੋਕੇ, ਢੁੱਡੀਕੇ, ਅਜੀਤਵਾਲ ਆਦਿ ਵਿਖੇ ਮੋਦੀ ਸਰਕਾਰ ਦੀਆਂ ਅਰਥੀਆਂ ਸਾੜੀਆਂ ਗਈਆਂ ਅਤੇ ਮੰਗ ਕੀਤੀ ਕਿ ਬ੍ਰਿਜ ਭੂਸ਼ਨ ਨੂੰ ਗ੍ਰਿਫ਼ਤਾਰ ਕਰਕੇ ਸਖਤ ਸਜ਼ਾ ਦਿੱਤੀ ਜਾਵੇ। ਕੋਟਲਾ ਮੇਹਰ ਸਿੰਘ ਵਾਲਾ, ਲਧਾਈ ਕੇ, ਰਾਜੇਆਣਾ, ਰੋਡੇ ਵਾਲੇ ਵਰਕਰ ਵੀ ਵੈਰੋਕੇ ਅਰਥੀ ਸਾੜ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਮੌਕੇ 'ਤੇ ਜ਼ਿਲ੍ਹਾ ਪ੍ਰਧਾਨ ਲਾਭ ਸਿੰਘ ਰੋਡੇ, ਜੋਰਾ ਸਿੰਘ ਫੌਜੀ ਆਦਿ ਆਗੂ ਹਾਜ਼ਰ ਸਨ। ਨੱਥੂਵਾਲਾ ਗਰਬੀ ਜੰਗ ਸਿੰਘ ਦੀ ਅਗਵਾਈ ਵਿੱਚ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਸੂਬਾ ਸਿੰਘ ਨੇ ਵੀ ਕੀਤੀ ਸ਼ਮੂਲੀਅਤ। ਜਗਤਾਰ ਸਿੰਘ ਮਾਹਲਾ ਬਲਾਕ ਪ੍ਰਧਾਨ ਨੇ ਮਾਹਲੇ ਕਲਾਂ ਵਿੱਚ ਅਰਥੀ ਸਾੜ ਪ੍ਰੋਗਰਾਮ ਦੀ ਅਗਵਾਈ ਕੀਤੀ।

ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਦੇ ਆਗੂਆਂ ਦੱਸਿਆ ਕਿ ਜਦ ਪ੍ਰਧਾਨ ਮੰਤਰੀ ਮੋਦੀ ਨੇ ਪਾਰਲੀਮੈਂਟ ਦੀ ਨਵੀਂ ਇਮਾਰਤ ਦਾ ਉਧਘਟਨ ਕਰਨਾ ਸੀ, ਉਸੇ ਵੇਲੇ ਆਪਣਾ ਰੋਸ ਜ਼ਾਹਰ ਕਰਨ ਲਈ ਸੋਨੇ ਦੇ ਤਗਮੇ ਪ੍ਰਾਪਤ ਕਰਨ ਵਾਲੀਆਂ ਜਿਣਸੀ ਸੋਸ਼ਣ ਦਾ ਸ਼ਿਕਾਰ ਔਰਤ ਪਹਿਲਵਾਨਾਂ ਨੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਵਿਰੁੱਧ ਉਦਘਾਟਨੀ ਸਥਾਨ ਵੱਲ ਮਾਰਚ ਕਰਨਾ ਸੀ। ਉਥੇ ਔਰਤਾਂ 'ਤੇ ਪੁਲਸ ਵੱਲੋਂ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ ਅਤੇ ਉਨ੍ਹਾਂ ਨੂੰ ਹਿਰਾਸਤ 'ਚ ਲਿਆ ਗਿਆ।

ਇਸੇ ਤਰ੍ਹਾਂ ਪੰਜਾਬ, ਹਰਿਆਣਾ, ਯੂ ਪੀ ਅਤੇ ਉਤਰਾਖੰਡ ਤੋਂ ਕਿਸਾਨ, ਮਜ਼ਦੂਰ ਜਥੇਬੰਦੀਆਂ ਤੇ ਜਮਹੂਰੀਅਤ ਪਸੰਦ ਲੋਕ ਜਥੇ ਲੈ ਕੇ ਪਹਿਲਵਾਨਾਂ ਦੇ ਹੱਕ ਵਿੱਚ ਦਿੱਲੀ ਵੱਲ ਵਧ ਰਹੇ ਸਨ। ਹਮਾਇਤ ਲਈ ਜਾ ਰਹੀਆਂ ਜਥੇਬੰਦੀਆਂ ਨੂੰ ਬੈਰੀਕੇਟ ਲਾਕੇ ਰਸਤਿਆਂ ਵਿੱਚ ਰੋਕ ਲਿਆ। ਬੀ ਕੇ ਕ੍ਰਾਂਤੀਕਾਰੀ ਦਾ ਪੰਜਾਹ ਬੰਦਿਆਂ ਦਾ ਜਥਾ, ਸੂਬਾ ਪ੍ਰੈਸ ਸਕੱਤਰ ਜਰਨੈਲ ਸਿੰਘ ਕਾਲੇਕੇ ਦੀ ਅਗਵਾਈ ਵਿੱਚ ਸਿੰਘੂ ਬਾਰਡਰ 'ਤੇ ਹੁੰਦਾ ਗਿਆ। ਹਰਿਆਣਾ ਪੁਲਸ ਨੇ ਸਿੰਘੂ ਬਾਰਡਰ 'ਤੇ ਇਕੱਠੇ ਹੋਏ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਜਦੋਂ ਸੂਬਾ ਪ੍ਰਧਾਨ ਬਲਦੇਵ ਸਿੰਘ ਜੀਰਾ ਨੂੰ ਗ੍ਰਿਫ਼ਤਾਰੀਆਂ ਦਾ ਪਤਾ ਲੱਗਾ ਤਾਂ ਸਾਥੀਆਂ ਸਮੇਤ ਥਾਣੇ ਪੁੱਜੇ ਅਤੇ ਦੇਰ ਸ਼ਾਮ ਸਾਥੀਆਂ ਨੂੰ ਰਿਹਾਅ ਕਰਾਇਆ।

ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਵੱਲੋਂ ਬਿਰਧ ਆਸ਼ਰਮ ਨੂੰ ਪੱਖੇ ਦਾਨ

ਕੋਟਕਪੂਰਾ (ਰਛਪਾਲ ਭੁੱਲਰ)-ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਨੇ ਪ੍ਰਧਾਨ ਸੰਦੀਪ ਕੌੜਾ ਦੀ ਅਗਵਾਈ ਵਿਚ ਅੱਜ ਬਿਰਧ ਆਸ਼ਰਮ ਆਪਣਾ ਘਰ ਸਿੱਖਾਂ ਵਾਲਾ ਰੋਡ ਕੋਟਕਪੂਰਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਨਤਮਸਤਕ ਹੋ ਕੇ ਸੇਵਾ ਕਾਰਜਾਂ ਵਿੱਚ ਯੋਗਦਾਨ ਪਾਉਂਦੇ ਹੋਏ ਛੱਤ ਵਾਲੇ ਚਾਰ ਪੱਖੇ ਅਤੇ ਨਗਦ ਰਾਸ਼ੀ ਦਿੱਤੀ। ਇਸ ਉਪਰੰਤ ਨਾਲ ਲਗਦੀ ਗੋਪਾਲ ਗਊਸ਼ਾਲਾ ਵਿਖੇ ਗਊਆਂ ਨੂੰ ਹਰਾ ਚਾਰਾ ਦਿੱਤਾ ਗਿਆ। ਇਸ ਮੌਕੇ ਐਮ ਜੇ ਐਫ ਲਾਇਨ ਗੁਰਦੀਪ ਸਿੰਘ ਜ਼ੋਨ ਚੇਅਰਮੈਨ, ਸੰਦੀਪ ਕੌੜਾ ਪ੍ਰਧਾਨ, ਰਛਪਾਲ ਸਿੰਘ ਭੁੱਲਰ ਪੀ ਆਰ ਓ, ਮਨਮੋਹਨ ਕ੍ਰਿਸ਼ਨ ਗੋਇਲ ਖਜ਼ਾਨਚੀ, ਨਰਜਿੰਦਰ ਸਿੰਘ ਖਾਰਾ, ਡਾ. ਬੀ ਕੇ ਕਪੂਰ ਸਰਪ੍ਰਸਤ ਅਤੇ ਲਾਇਨ ਤੇਜ ਸਿੰਘ ਢਿੱਲੋਂ ਆਦਿ ਨੇ ਬਾਬਾ ਗਰੀਬ ਦਾਸ ਤੋਂ ਅਸ਼ੀਰਵਾਦ ਲਿਆ। ਜਦਕਿ ਲਾਇਨ ਰਜਿੰਦਰ ਸਿੰਘ ਸਰਾਂ ਕੈਬਿਨਟ ਮੈਬਰ ਨੇ ਨਿਊਜ਼ੀਲੈਂਡ ਤੋਂ ਇਸ ਲਈ ਪ੍ਰੇਰਿਆ।

ਸਾਬਕਾ ਸੈਨਿਕ ਵੈੱਲਫੇਅਰ ਯੂਨੀਅਨ ਬਾਘਾ ਪੁਰਾਣਾ ਨੇ ਕੀਤਾ ਸ਼ਾਂਤਮਈ ਰੋਸ ਮਾਰਚ

ਬਾਘਾ ਪੁਰਾਣਾ (ਮਨੀ ਸਿੰਗਲਾ)-ਸੂਬੇਦਾਰ ਹਰਦੀਪ ਸਿੰਘ ਗਿੱਲ ਸੇਵਾਮੁਕਤ ਪ੍ਰਧਾਨ ਸਾਬਕਾ ਸੈਨਿਕ ਵੈਲਫੇਅਰ ਯੂਨੀਅਨ ਬਾਘਾ ਪੁਰਾਣਾ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਇੱਕ ਰੈਂਕ ਇੱਕ ਪੈਨਸ਼ਨ =2 ਮੁਤਾਬਿਕ ਜੇ ਸੀ ਓ, ਆਨਰੇਰੀ ਲੈਫਟੀਨੈਂਟ ਤੇ ਕੈਪਟਨ ਰੈਂਕਾਂ ਦੀ ਪੈਨਸ਼ਨ ਵਿੱਚ ਕੋਈ ਵਾਧਾ ਨਹੀਂ ਕੀਤਾ ਜਾ ਰਿਹਾ। ਮਹਿੰਗਾਈ ਦਿਨੋ ਦਿਨ ਵਧ ਰਹੀ ਹੈ ਪਰ ਇਨ੍ਹਾਂ ਪੈਨਸ਼ਨਰਾਂ ਨਾਲ ਬੇਇਨਸਾਫ਼ੀ ਹੋ ਰਹੀ ਹੈ। ਦੇਸ਼ ਦੇ ਕੋਨੇ ਕੋਨੇ ਤੋਂ ਸਾਬਕਾ ਸੈਨਿਕ ਅਪਣੇ ਹੱਕਾਂ ਦੀ ਖਾਤਰ ਦਿੱਲੀ ਜੰਤਰ ਮੰਤਰ ਵਿਖੇ ਫੈਡਰੇਸ਼ਨ ਆਫ ਵੈਟਰਨਜ਼ ਐਸੋਸੀਏਸ਼ਨ ਦੇ ਬੈਨਰ ਹੇਠ ਲਗਾਤਾਰ ਵਿਸ਼ਾਲ ਰੋਸ ਪ੍ਰਦਰਸ਼ਨ ਕਰ ਰਹੇ ਹਨ। ਸਾਬਕਾ ਸੈਨਿਕਾਂ ਦੇ ਉਕਤ ਲਗਾਤਾਰ ਧਰਨੇ ਦੇ 100 ਦਿਨ ਪੂਰੇ ਹੋ ਰਹੇ ਹਨ, ਪਰ ਸਰਕਾਰ ਆਪਣੀ ਜ਼ਿਦ 'ਤੇ ਅੜੀ ਹੋਈ ਹੈ। ਦਿੱਲੀ ਸੰਯੁਕਤ ਮੋਰਚਾ ਸੰਗਠਨ ਦੇ ਫੈਸਲੇ ਮੁਤਾਬਕ ਸਰਕਾਰ ਨੂੰ ਜਗਾਉਣ ਲਈ ਦੇਸ਼ ਭਰ ਦੇ ਡਿਪਟੀ ਕਮਿਸ਼ਨਰਾਂ, ਐਮ ਪੀਜ਼ ਨੂੰ ਮੰਗ ਪੱਤਰ ਪਹਿਲਾਂ ਹੀ ਸੌਂਪੇ ਗਏ ਹਨ। ਇਸ ਕੜੀ ਤਹਿਤ 30 ਮਈ ਨੂੰ ਦੇਸ਼ ਭਰ ਵਿੱਚ ਐਸ ਡੀ ਐਮ/ਤਹਿਸੀਲਦਾਰਾਂ ਨੂੰ ਮੰਗ ਪੱਤਰ ਸੌਂਪੇ ਗਏ। ਸਾਬਕਾ ਸੈਨਿਕ ਵੈਲਫੇਅਰ ਯੂਨੀਅਨ ਬਾਘਾ ਪੁਰਾਣਾ ਦੇ ਸਮੂਹ ਮੈਂਬਰਾਨ, ਵੀਰ ਨਾਰੀਆਂ ਤੇ ਡਿਫੈਂਸ ਪੈਨਸ਼ਨਰਾਂ ਦੇ ਆਸ਼ਰਿਤਾਂ ਨੇ ਸੂਬੇਦਾਰ ਹਰਦੀਪ ਸਿੰਘ ਗਿੱਲ ਸੇਵਾਮੁਕਤ ਦੀ ਅਗਵਾਈ ਹੇਠ ਸਥਾਨਕ ਬੱਸ ਸਟੈਂਡ-ਮੇਨ ਚੌਕ ਤੋਂ ਤਹਿਸੀਲ ਕੰਪਲੈਕਸ ਤੱਕ ਸ਼ਾਂਤਮਈ ਰੋਸ ਮਾਰਚ ਕਰਦਿਆਂ ਐਸ ਡੀ ਐਮ ਨੂੰ ਡਿਫੈਂਸ ਪੈਨਸ਼ਨਰਾਂ ਦੀ ਪੈਨਸ਼ਨ ਵਿੱਚ ਸੋਧ ਕਰਨ ਲਈ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਰੱਖਿਆ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪੇ। ਇਸ ਮੌਕੇ ਬਹੁ ਗਿਣਤੀ ਵਿੱਚ ਸਾਬਕਾ ਸੈਨਿਕ, ਉਨ੍ਹਾਂ ਦੇ ਆਸ਼ਰਿਤ ਤੇ ਵੀਰ ਨਾਰੀਆਂ ਹਾਜ਼ਰ ਸਨ।

ਕਾਤਰਾਂ

ਜੰਡੋਕੇ 'ਚ ਕਿਰਤੀ ਕਿਸਾਨ ਯੂਨੀਅਨ ਦੀ ਹੋਈ ਚੋਣ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਕਿਰਤੀ ਕਿਸਾਨ ਯੂਨੀਅਨ ਪਿੰਡ ਜੰਡੋਕੇ ਬਲਾਕ ਬਰੀਵਾਲਾ ਵਿਖੇ 17 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਸਰਬਸੰਮਤੀ ਨਾਲ ਜਗਮੀਤ ਸਿੰਘ ਨੂੰ ਪਿੰਡ ਇਕਾਈ ਦਾ ਪ੍ਰਧਾਨ ਤੇ ਰੂਪ ਸਿੰਘ ਨੂੰ ਸਕੱਤਰ, ਗੁਰਸੇਵਕ ਸਿੰਘ ਮੀਤ ਪ੍ਰਧਾਨ, ਹਮੀਰ ਸਿੰਘ ਖਜ਼ਾਨਚੀ ਚੁਣਿਆ ਗਿਆ। ਇਸ ਤੋਂ ਇਲਾਵਾ ਜਸਕਰਨ ਸਿੰਘ ਕਰਤਾਰ ਸਿੰਘ, ਸੁਖਚੈਨ ਸਿੰਘ, ਜਗਜੀਤ ਸਿੰਘ, ਭਰਪੂਰ ਸਿੰਘ, ਸੁਖਜਿੰਦਰ ਸਿੰਘ, ਗੁਰਤੇਜ ਸਿੰਘ, ਗੁਰਲਾਲ ਸਿੰਘ, ਕਲਦੀਪ ਸਿੰਘ, ਸਰਦੂਲ ਸਿੰਘ, ਲਵਪ੍ਰੀਤ ਸਿੰਘ ਨੂੰ ਕਮੇਟੀ ਮੈਬਰ ਚੁਣਿਆ ਗਿਆ। ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਨੇ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਕਰਕੇ ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ, ਜਿਸ ਕਰਕੇ ਪੰਜਾਬ ਦੀ ਕਿਸਾਨੀ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹੋ ਚੁੱਕੀ ਹੈ।

ਇੰਗਲਿਸ਼ ਸਟੂਡੀਓ ਸੰਸਥਾ ਨੇ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ। ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਅਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦੀ ਵਿਦਿਆਰਥਣ ਨਵਦੀਪ ਕੌਰ ਪੁੱਤਰੀ ਦਰਸ਼ਨ ਖਾਨ ਵਾਸੀ ਪਿੰਡ ਰਾਜਿਆਣਾ ਮੋਗਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਕੋਇਟਲਮ ਕਾਲਜ ਵੈਨਕੂਵਰ ਦਾ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਅਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਦਾ ਪੈਨਸ਼ਨ ਵੰਡ ਸਮਾਰੋਹ ਕਰਾਇਆ

ਜਗਰਾਉਂ (ਅਮਿਤ ਖੰਨਾ)-ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਦੇ 158ਵੇਂ ਪੈਨਸ਼ਨ ਵੰਡ ਸਮਾਰੋਹ ਸ਼ਿਵਾਲਿਕ ਮਾਡਲ ਸਕੂਲ ਵਿਖੇ ਹੋਇਆ। ਸਮਾਗਮ ਦੇ ਮੁਖ ਮਹਿਮਾਨ ਮੇਜਰ ਸਿੰਘ ਛੀਨਾ ਗੈਸਟ ਆਫ਼ ਆਨਰ ਕੰਵਰਪਾਲ ਸਿੰਘ ਤੇ ਗੁਰਵੀਰ ਸਿੰਘ ਸਨ। ਮੇਜਰ ਸਿੰਘ ਛੀਨਾ ਨੇ ਆਪਣੇ ਪੋਤੇ ਦੇ ਜਨਮ ਦਿਨ ਦੀ ਖੁਸ਼ੀ 'ਚ 25 ਬਜ਼ੁਰਗਾਂ ਨੂੰ ਡਬਲ ਪੈਨਸ਼ਨ ਤੇ ਰਾਸ਼ਨ ਵੰਡਿਆ। ਜ਼ਿਕਰਯੋਗ ਹੈ ਕਿ ਪਿਛਲੇ 7-8 ਸਾਲਾਂ ਤੋਂ ਇਨ੍ਹਾਂ ਬਜ਼ੁਰਗਾਂ ਨੂੰ ਪੈਨਸ਼ਨ ਵੰਡੀ ਜਾ ਰਹੀ ਹੈ। ਸਟੇਜ ਦੀ ਭੂਮਿਕਾ ਦਮਨਦੀਪ ਸਿੰਘ ਨੇ ਨਿਭਾਈ। ਸੰਸਥਾ ਦੇ ਪ੍ਰਧਾਨ ਮਨਿੰਦਰਪਾਲ ਸਿੰਘ ਹਨੀ ਤੇ ਸੈਕਟਰੀ ਫਾਇਨਾਂਸ ਰਾਜਨ ਬਾਂਸਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਮਨਜਿੰਦਰਪਾਲ ਸਿੰਘ ਹਨੀ, ਸੈਕਟਰੀ ਰਾਕੇਸ਼ ਮੈਨੀ, ਫਾਇਨਾਂਸ ਸੈਕਟਰੀ ਰਾਜਨ ਬਾਂਸਲ, ਪੈਟਰਨ ਡੀ.ਕੇ ਸ਼ਰਮਾ, ਪੈਟਰਨ ਬਲਦੇਵ ਕ੍ਰਿਸ਼ਨ ਗੋਇਲ, ਜੁਆਇੰਟ ਸੈਕਟਰੀ ਜਸਪਾਲ ਸਿੰਘ, ਪ੍ਰੋਜੈਕਟ ਡਾਇਰੈਕਟਰ ਰਜਨੀਸ਼ਪਾਲ ਸਿੰਘ, ਪ੍ਰੋਜੈਕਟ ਡਾਇਰੈਕਟਰ ਵਿੱਕੀ ਔਲਖ, ਗੁਰਪ੍ਰੀਤ ਸਿੰਘ, ਨਵਦੀਪ ਬਾਵਾ ਆਦਿ ਸਮੂਹ ਮੈਂਬਰ ਹਾਜ਼ਰ ਸਨ।

ਗਲਤ ਆਈ ਡੀ ਪਰੂਫ਼ ਲਗਾ ਕੇ ਮੋਬਾਇਲ ਸਿੰਮਾਂ ਜਾਰੀ ਕਰਨ ਵਾਲੇ ਦੋ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਕਬਰਵਾਲਾ ਪੁਲਸ ਨੇ ਗਲਤ ਆਈ.ਡੀ. ਪਰੂਫ਼ ਲਗਾ ਕੇ ਮੋਬਾਇਲ ਸਿੰਮਾਂ ਜਾਰੀ ਕਰਨ ਦੇ ਦੋਸ਼ ਹੇਠ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹਨੀ ਟੈਲੀਕਾਮ ਅਤੇ ਸੰਨੀ ਟੈਲੀਕਾਮ ਦੇ 28 ਮੋਬਾਇਲ ਸਿੰਮ ਹਰਪ੍ਰੀਤ ਸਿੰਘ ਵਾਸੀ ਪੰਨੀਵਾਲਾ ਅਤੇ ਤਰੁਣ ਕੁਮਾਰ ਵਾਸੀ ਅਰਨੀਵਾਲਾ ਨਾਲ ਮਿਲ ਕੇ ਗਲਤ ਆਈ.ਡੀ. ਪਰੂਫ਼ ਲਗਾ ਕੇ ਉਸ ਦੀ ਤਸਦੀਕ ਬਤੌਰ ਫੌਸ਼ ਏਜੰਟ ਕਰਕੇ ਕੁੱਲ 17 ਸਿੰਮ ਹਨੀ ਟੈਲੀਕਾਮ ਅਤੇ 11 ਸਿੰਮ ਸੰਨੀ ਟੈਲੀਕਾਮ ਦੇ ਜਾਰੀ ਕਰ ਦਿੱਤੇ। ਜਿਸ 'ਤੇ ਪੁਲਸ ਨੇ ਕਾਰਵਾਈ ਕਰਦੇ ਹੋਏ ਮੁਕੱਦਮਾ ਆਈ.ਪੀ.ਸੀ. ਤਹਿਤ ਦਰਜ ਕਰਕੇ ਉਕਤ ਵਿਅਕਤੀਆਂ ਨੂੰ ਕਾਬੂ ਕਰ ਲਿਆ।

ਸਮਾਜ ਸੇਵੀ ਸੰਸਥਾਵਾਂ ਵੱਲੋਂ ਵਿਦਿਆਰਥੀ ਸਨਮਾਨਤ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਅੱਜ ਸ਼ਹਿਰ ਖੰਨਾ ਅਤੇ ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਵੱਲੋਂ ਏ. ਐਸ. ਸੀਨੀਅਰ. ਸੈਕੰਡਰੀ. ਸਕੂਲ ਖੰਨਾ ਦੀ ਵਿਦਿਆਰਥਣ ਮਨਿਕਾ ਵਰਮਾ ਜਿਸ ਨੇ ਬਾਰ੍ਹਵੀਂ ਜਮਾਤ ਵਿਚੋਂ 95.38 ਫੀਸਦੀ ਅੰਕ ਪ੍ਰਾਪਤ ਕਰਕੇ ਇਲਾਕੇ ਵਿਚੋਂ ਪਹਿਲੀ ਪੁਜੀਸ਼ਨ ਹਾਸਲ ਕੀਤੀ ਹੈ ਅਤੇ ਇਸ ਤਰ੍ਹਾਂ ਕੁਲਵੀਰ ਸਿੰਘ ਮਾਨ (ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਲੁਧਿਆਣਾ) ਦੇ ਸਪੁੱਤਰ ਹਰਸਿਮਰਤ ਸਿੰਘ ਮਾਨ, ਜੋ ਕਿ ਡੀ.ਪੀ.ਐਸ. ਖੰਨਾ ਦਾ ਵਿਦਿਆਰਥੀ ਹੈ, ਨੇ ਦਸਵੀ ਜਮਾਤ ਵਿਚੋਂ 91 ਫੀਸਦੀ ਅੰਕ ਪ੍ਰਾਪਤ ਕਰਕੇ ਆਪਣੇ ਸਕੂਲ ਤੇ ਆਪਣੇ ਮਾਤਾ ਪਿਤਾ ਅਤੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਹੈ ਤੇ ਇਨ੍ਹਾਂ ਦੋਨਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਇੰਦਰਜੀਤ ਸਿੰਘ ਨੇ ਆਖਿਆ ਕਿ ਇਹ ਏ.ਐਸ. ਸਕੂਲ ਮੈਨੇਜਮੈਂਟ ਅਤੇ ਡੀ.ਪੀ.ਐਸ. ਸਕੂਲ ਬਹੁਤ ਫਖਰ ਤੇ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਬੱਚਿਆਂ ਦੀ ਆਪਣੀ ਮਿਹਨਤ ਤੇ ਲਗਨ ਨਾਲ ਬਹੁਤ ਵਧੀਆ ਨੰਬਰ ਲੈ ਕੇ ਪੁਜੀਸ਼ਨਾਂ ਹਾਸਲ ਕੀਤੀਆ ਹਨ। ਇਸ ਮੌਕੇ ਬਲਿਹਾਰ ਸਿੰਘ ਸਾਬਕਾ ਪ੍ਰਿੰਸੀਪਲ ਖਾਲਸਾ ਸਕੂਲ, ਰੁਪਿੰਦਰ ਸਿੰਘ ਭੱਟੀ ਸਾਬਕਾ ਸੀਨੀਅਰ ਮੈਨੇਜਰ ਸਹਿਕਾਰੀ ਬੈਂਕ ਖੰਨਾ, ਸਾਬਕਾ ਹੈਡ ਮਾਸਟਰ ਜਗਦੇਵ ਸਿੰਘ ਸੋਥੋਂ, ਡੀ.ਪੀ. ਰਾਕੇਸ਼ ਕੁਮਾਰ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਲਿਬੜਾ ਅਤੇ ਮਾਸਟਰ ਭੀਮ ਸੈਨ ਨੇ ਵੀ ਇਸ ਮੌਕੇ ਇਨ੍ਹਾਂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਮਾਸਟਰ ਜਗਪ੍ਰੀਤ ਸਿੰਘ, ਮਾਸਟਰ ਸੁਰਿੰਦਰ ਸਿੰਘ ਵਾਲੀਆ, ਮਾਸਟਰ ਰਾਜਿੰਦਰ ਸਿੰਘ ਖਾਲਸਾ, ਰਾਕੇਸ਼ ਕੁਮਾਰ, ਸੰਦੀਪ ਕੁਮਾਰ, ਗੁਰਬਚਨ ਸਿੰਘ, ਜਤਿੰਦਰ ਕੁਮਾਰ ਆਦਿ ਹਾਜ਼ਰ ਸਨ।

ਨਹਿਰੀ ਵਿਭਾਗ ਅੱਗੇ ਤਿੰਨ ਦਿਨਾ ਮੋਰਚਾ ਜਾਰੀ

ਦਿੜ੍ਹਬਾ (ਜਸਵੀਰ ਲਾਡੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਤਾਲ

1-June-PAGE-11.qxd 5/31/2023 9:43 PM Page 1

ਚੰਗੀ ਸਿਹਤ ਅਤੇ ਚੰਗੇ ਭਵਿੱਖ ਲਈ ਨਸ਼ਿਆਂ ਦਾ ਤਿਆਗ ਜ਼ਰੂਰੀ: ਸਰਾਂ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਅੰਦਰ ਵਧ ਰਹੇ ਨਸ਼ਿਆਂ ਦੇ ਕਹਿਰ ਨੂੰ ਰੋਕਣ ਲਈ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਹੋਰ ਜਥੇਬੰਦੀਆਂ ਵੱਲੋਂ ਵੱਡੇ ਉਪਰਾਲੇ ਕਰਕੇ ਨੌਜਵਾਨਾਂ ਨੂੰ ਜਾਗਰੂਕ ਕਰਨ ਦਾ ਰੁਝਾਨ ਵਧਿਆ ਹੈ ਇਸ ਦੇ ਬਾਵਜੂਦ ਬਹੁਤ ਸਾਰੇ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹਦੇ ਆ ਰਹੇ ਹਨ। ਨੌਜਵਾਨਾਂ ਲਈ ਚੰਗੀ ਸਿਹਤ ਅਤੇ ਚੰਗੇ ਭਵਿੱਖ ਲਈ ਨਸ਼ਿਆਂ ਦਾ ਤਿਆਗ ਕਰਨਾ ਜ਼ਰੂਰੀ ਹੈ ਕਿਉਂਕਿ ਨਸ਼ਾ ਚੰਗਾ ਸਮਾਜ ਸਿਰਜਣ ਵਿਚ ਰੁਕਾਵਟ ਪੈਦਾ ਕਰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾਇਰੈਕਟਰ ਜਸਨ ਸਰਾਂ ਨੇ ਫਲਾਇੰਗ ਥਿੰਗ ਥੇਟਰ ਚੰਡੀਗੜ੍ਹ ਦੀ ਟੀਮ ਵਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਪ੍ਰਭਾਵ ਤੋਂ ਬਚਾਉਣ ਲਈ ਖੇਡੇ ਗਏ ਨਸ਼ਾ ਵਿਰੋਧੀ ਨਾਟਕ ਦੌਰਾਨ ਸਕੂਲ ਵਿੱਖੇ ਕੀਤਾ ਗਿਆ। ਇਸ ਮੌਕੇ ਸਕੂਲ ਵਿੱਚ ਪਹੁੰਚੇ ਫਲਾਇੰਗ ਥਿੰਗ ਥੇਟਰ ਚੰਡੀਗੜ੍ਹ ਦੇ ਕਲਾਕਾਰਾਂ ਨੇ ਬਹੁਤ ਵਧੀਆ ਤਰੀਕੇ ਨਾਲ ਵੱਖ-ਵੱਖ ਰੋਲ ਅਦਾ ਕਰਕੇ ਨੌਜਵਾਨ ਲੜਕੇ ਲੜਕੀਆਂ ਨੂੰ ਨਸ਼ਿਆਂ ਤੋਂ ਬਚਣ ਲਈ ਪ੍ਰੇਰਿਤ ਕੀਤੇ। ਇਸ ਮੌਕੇ ਉਗੇਕੇ ਪਬਲਿਕ ਹਾਈ ਸਕੂਲ ਪੁਲ ਤਿੱਬੜੀ ਦੇ ਮੁੱਖ ਅਧਿਆਪਕ ਅਮਰਜੀਤ ਸਿੰਘ ਨੇ ਪਹੁੰਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਨਸ਼ਿਆਂ ਪ੍ਰਤੀ ਨੌਜਵਾਨਾਂ ਨੂੰ ਜਾਗਰੂਕ ਕਰਨ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਇਸ ਨਾਲ ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਮਿਲ ਸਕੇਗੀ। ਇਸ ਮੌਕੇ ਮਿਸਟਰ ਜੌਨ ਇਜ਼ਰਾਇਲ, ਜਸ਼ਨ ਸਰਾਂ, ਹਿਤੇਸ਼, ਸੋਨੀ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਸਾਰਿਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ। ਇਸ ਮੌਕੇ 'ਤੇ ਸਮੂਹ ਵਿਦਿਆਰਥੀ, ਸਕੂਲ ਸਟਾਫ ਬਲਵਿੰਦਰ ਸਿੰਘ, ਮੈਡਮ ਵਿਜੇ ਲਕਸ਼ਮੀ ਅਤੇ ਹੋਰ ਹਾਜ਼ਰ ਸਨ।

ਖ਼ਾਲਸਾ ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਏਸ਼ੀਅਨ ਚੈਂਪੀਅਨਸ਼ਿਪ 'ਚ ਕਰਨਗੀਆਂ ਜਿਮਨਾਸਟਿਕ ਦਾ ਪ੍ਰਦਰਸ਼ਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਰੋਡ ਦੀਆਂ ਵਿਦਿਆਰਥਣਾਂ ਮਨੀਲਾ, ਫਿਲੀਪੀਨਜ਼ ਵਿਖੇ '14ਵੀਂ ਰਿਦਮਿਕ ਜਿਮਨਾਸਟਿਕ ਏਸ਼ੀਅਨ ਚੈਂਪੀਅਨਸ਼ਿਪ' 'ਚ ਭਾਗ ਲੈਣਗੀਆਂ। 16 ਭਾਰਤੀ ਖਿਡਾਰੀਆਂ 'ਚੋਂ ਪੂਰੇ ਪੰਜਾਬ 'ਚੋਂ ਸਕੂਲ ਦੀਆਂ 4 ਖਿਡਾਰਨਾਂ ਚੁਣੀਆਂ ਗਈਆਂ ਹਨ ਜੋ 31 ਮਈ ਤੋਂ 3 ਜੂਨ ਤੱਕ ਮਨੀਲਾ, ਫਿਲੀਪੀਨਜ਼ ਵਿਖੇ ਹੋਣ ਜਾ ਰਹੀ ਚੈਂਪੀਅਨਸ਼ਿਪ 'ਚ ਹੁਨਰ ਦਾ ਪ੍ਰਦਰਸ਼ਨ ਕਰਨਗੀਆਂ।

ਇਸ ਮੌਕੇ ਸਕੂਲ ਪ੍ਰਿੰਸੀਪਲ ਅਮਰਜੀਤ ਸਿੰਘ ਗਿੱਲ ਨੇ ਚੁਣੀਆਂ ਗਈਆਂ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਇਸ ਚੈਂਪੀਅਨਸ਼ਿਪ 'ਚ ਆਸਟਰੇਲੀਆ, ਚੀਨ, ਹਾਂਗਕਾਂਗ, ਭਾਰਤ, ਇੰਡੋਨੇਸ਼ੀਆ, ਜਾਪਾਨ, ਕਜ਼ਾਕਿਸਤਾਨ, ਕਿਰਗਿਸਤਾਨ, ਲਾਓਸ, ਮਲੇਸ਼ੀਆ, ਮੰਗੋਲੀਆ, ਨਿਊਜ਼ੀਲੈਂਡ, ਫਿਲੀਪੀਨਜ਼, ਸਿੰਗਾਪੁਰ, ਦੱਖਣੀ ਕੋਰੀਆ, ਸ਼੍ਰੀਲੰਕਾ, ਥਾਈਲੈਂਡ, ਚੀਨੀ ਤਾਈਪੇ, ਉਜ਼ਬੇਕਿਸਤਾਨ, ਵੀਅਤਨਾਮ ਸਮੇਤ ਕਰੀਬ 20 ਦੇਸ਼ ਭਾਗ ਲੈਣਗੇ। ਉਨ੍ਹਾਂ ਕਿਹਾ ਕਿ 14ਵੀਂ ਰਿਦਮਿਕ ਜਿਮਨਾਸਟਿਕ ਏਸ਼ੀਅਨ ਚੈਂਪੀਅਨਸ਼ਿਪ 'ਚ 16 ਖਿਡਾਰੀਆਂ ਦਾ ਭਾਰਤੀ ਦਲ ਹਿੱਸਾ ਲਵੇਗਾ। ਸ: ਗਿੱਲ ਨੇ ਕਿਹਾ ਕਿ 16 ਭਾਰਤੀ ਖਿਡਾਰੀਆਂ 'ਚੋਂ ਸਕੂਲ ਦੀਆਂ 4 ਵਿਦਿਆਰਥਣਾਂ ਪ੍ਰੀਤੀ, ਮਨਸਵਨੀ ਨਰਾਇਣਨ, ਦਮਨਜੀਤ ਕੌਰ ਅਤੇ ਗੀਤਾਂਸ਼ੀ ਕੌਸ਼ਿਕ ਉਕਤ ਖੇਡ 'ਚ ਆਪਣੀ ਕਲਾ ਦਾ ਮੁਜ਼ਾਹਰਾ ਕਰਨਗੀਆਂ। ਉਨ੍ਹਾਂ ਉਮੀਦ ਜ਼ਾਹਿਰ ਕਰਦਿਆਂ ਹਿੱਸਾ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਸਿਖ਼ਰਾਂ ਛੂਹਣ ਦੀ ਕਾਮਨਾ ਕਰਦਿਆਂ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਉਤਸ਼ਾਹਿਤ ਕੀਤਾ।

ਪਠਾਨਕੋਟ ਪੁਲਸ ਵੱਲੋਂ ਡਰੋਨ ਐਮਰਜੈਂਸੀ ਰਿਸਪਾਂਸ ਸਿਸਟਮ ਸਫਲਤਾਪੂਰਵਕ ਲਾਗੂ

ਪਠਾਨਕੋਟ, (ਦਵਿੰਦਰ ਸਿੰਘ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਲੀਕੇ ਗਏ ਨਸ਼ਾ-ਮੁਕਤ ਪੰਜਾਬ ਦੇ ਸੁਪਨੇ ਨੂੰ ਹਾਸਲ ਕਰਨ ਲਈ ਇੱਕ ਸ਼ਾਨਦਾਰ ਕਦਮ ਚੁੱਕਦਿਆਂ ਪਠਾਨਕੋਟ ਪੁਲਸ ਨੇ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਅਹਿਮ ਕਦਮ ਚੁੱਕੇ ਹਨ। ਮਾਣਯੋਗ ਪੁਲਸ ਡਾਇਰੈਕਟਰ ਜਨਰਲ, ਗੌਰਵ ਯਾਦਵ ਆਈਪੀਐਸ ਦੀ ਅਗਵਾਈ ਹੇਠ ਪਠਾਨਕੋਟ ਪੁਲਸ ਨੇ ਇੱਕ ਡਰੋਨ ਐਮਰਜੈਂਸੀ ਰਿਸਪਾਂਸ ਸਿਸਟਮ ਨੂੰ ਲਾਗੂ ਕਰਨ ਲਈ ਬਾਰਡਰ ਵਿਲੇਜ ਲੈਵਲ ਡਿਫੈਂਸ ਕਮੇਟੀ (ਵੀ.ਐਲ.ਡੀ.ਸੀ) ਨਾਲ ਮੀਟਿੰਗ ਕੀਤੀ ਹੈ। ਪਠਾਨਕੋਟ ਪੁਲਸ ਨੇ ਪ੍ਰਤੀਕਿਰਿਆ ਦੇ ਸਮੇਂ ਵਿੱਚ ਸੁਧਾਰ ਕਰਨ ਅਤੇ ਸਰਹੱਦੀ ਖੇਤਰਾਂ ਦੀ ਸੁਰੱਖਿਆ ਲਈ ਲੋੜੀਂਦੇ ਸਮੂਹਿਕ ਯਤਨਾਂ ਨੂੰ ਮਾਨਤਾ ਦਿੰਦੇ ਹੋਏ ਏਜੰਸੀਆਂ, ਬਾਰਡਰ ਵਿਲੇਜ ਡਿਫੈਂਸ ਕਮੇਟੀ ਅਤੇ ਸੀਮਾ ਸੁਰੱਖਿਆ ਬਲ ਨਾਲ ਹੱਥ ਮਿਲਾਇਆ ਹੈ। ਪ੍ਰਭਾਵੀ ਸੰਚਾਰ ਅਤੇ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਉਭਰਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਇੱਕ ਤਾਲਮੇਲ ਵਾਲੀ ਪਹੁੰਚ ਨੂੰ ਉਤਸਾਹਿਤ ਕਰਦੇ ਹੋਏ, ਵੱਖ-ਵੱਖ ਪਿੰਡਾਂ ਦੀ ਰੱਖਿਆ ਕਮੇਟੀਆਂ ਵਿੱਚ ਬੀਟ ਬੁੱਕਸ ਵੰਡੀਆਂ ਗਈਆਂ ਹਨ।

ਡੀਜੀਪੀ ਪੰਜਾਬ ਪੁਲਸ ਨੇ ਸਰਹੱਦੀ ਖੇਤਰ ਵਿੱਚ ਡਰੋਨ ਗਤੀਵਿਧੀ ਬਾਰੇ ਜਾਣਕਾਰੀ ਦੇਣ ਵਾਲੇ ਵਿਅਕਤੀਆਂ ਲਈ ਇੱਕ ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ। ਜੇਕਰ ਜਾਣਕਾਰੀ ਨਾਲ ਡਰੋਨ, ਹਥਿਆਰ ਅਤੇ ਨਸ਼ੀਲੇ ਪਦਾਰਥਾਂ ਦੀ ਬ੍ਰਾਮਦਗੀ ਹੁੰਦੀ ਹੈ ਤਾਂ ਸੂਚਨਾ ਦੇਣ ਵਾਲੇ ਦੀ ਪਛਾਣ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਡੀਆਈਜੀ ਬਾਰਡਰ ਰੇਂਜ ਅੰਮ੍ਰਿਤਸਰ ਨਰਿੰਦਰ ਭਾਰਗਵ ਆਈ.ਪੀ.ਐਸ. ਨੇ ਮੀਡੀਆ ਨਾਲ ਵਾਧੂ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਡਰੋਨ ਐਮਰਜੈਂਸੀ ਰਿਸਪਾਂਸ ਸਿਸਟਮ ਨੂੰ ਲਾਗੂ ਕਰਨਾ ਸਰਹੱਦੀ ਸੁਰੱਖਿਆ ਨੂੰ ਵਧਾਉਣ ਲਈ ਸਾਡੇ ਚੱਲ ਰਹੇ ਯਤਨਾਂ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਅਸੀਂ ਨਾਗਰਿਕਾਂ ਅਤੇ ਪੰਜਾਬ ਦੀ ਅਖੰਡਤਾ ਦੀ ਰਾਖੀ ਲਈ ਇੱਕ ਸੁਰੱਖਿਅਤ ਮਾਹੌਲ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ। ਪਠਾਨਕੋਟ ਦੇ ਸੀਨੀਅਰ ਪੁਲਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਡੀ.ਜੀ.ਪੀ ਪੰਜਾਬ ਗੌਰਵ ਯਾਦਵ ਆਈ.ਪੀ.ਐਸ, ਡੀ.ਆਈ.ਜੀ. ਬਾਰਡਰ ਰੇਂਜ ਅੰਮ੍ਰਿਤਸਰ ਨਰਿੰਦਰ ਭਾਰਗਵ ਆਈ.ਪੀ.ਐਸ ਅਤੇ ਸਮੂਹ ਸਬੰਧਤ ਅਫਸਰਾਂ ਦਾ ਨਸ਼ਾ ਮੁਕਤੀ ਲਈ ਲਗਾਤਾਰ ਸਹਿਯੋਗ ਅਤੇ ਵਚਨਬੱਧਤਾ ਲਈ ਧੰਨਵਾਦ ਕੀਤਾ ਹੈ।

ਵਿਦਿਆਰਥੀਆਂ ਤੇ ਐੱਨ ਸੀ ਸੀ ਕੈਡਿਟਾਂ ਨੇ ਮਿਲ ਕੇ ਵਿਸ਼ਵ ਤੰਬਾਕੂ ਦਿਵਸ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਬੁੱਧਵਾਰ ਨੂੰ ਦਸਵੀਂ ਜਮਾਤ ਦੇ ਵਿਦਿਆਰਥੀਆਂ ਅਤੇ 11ਵੀਂ ਪੰਜਾਬ ਬਟਾਲੀਅਨ ਐਨਸੀਸੀ ਕੈਡਿਟਾਂ ਵੱਲੋਂ ਤੰਬਾਕੂ ਡੇ ਮਨਾਉਂਦਿਆਂ ਝਬਾਲ ਇਲਾਕੇ ਵਿਚ ਨਸ਼ਿਆਂ ਖ਼ਿਲਾਫ਼ ਰੈਲੀ ਕੱਢੀ ਗਈ। ਸਕੂਲ ਦੀ ਹੈੱਡਮਿਸਟਰੈੱਸ ਮੈਡਮ ਸਿਮਰਪ੍ਰੀਤ ਕੌਰ, ਸੁਪਰਵਾਈਜ਼ਰ ਮੈਡਮ ਹਰਪਿੰਦਰ ਕੌਰ ਅਤੇ ਸਕੂਲ ਗਤੀਵਿਧੀਆਂ ਦੇ ਇੰਚਾਰਜ ਮੈਡਮ ਪਰਮਜੀਤ ਕੌਰ ਵੱਲੋਂ ਹਰੀ ਝੰਡੀ ਦੇ ਕੇ ਰੈਲੀ ਨੂੰ ਰਵਾਨਾ ਕੀਤਾ ਗਿਆ। ਦਸਵੀਂ ਜਮਾਤ ਦੇ ਵਿਦਿਆਰਥੀ ਇਮਨਾਜ਼ ਕੌਰ ਅਤੇ ਇੰਦਰਜੀਤ ਸਿੰਘ ਨੇ ਆਪਣੇ ਵਿਚਾਰਾਂ ਰਾਹੀਂ ਨੌਜਵਾਨਾਂ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਨ ਅਤੇ ਉਸ ਨਾਲ ਹੋ ਰਹੇ ਨੁਕਸਾਨ ਬਾਰੇ ਇਲਾਕਾ ਨਿਵਾਸੀਆਂ ਨੂੰ ਜਾਗਰੂਕ ਕੀਤਾ। ਟਰੈਫ਼ਿਕ ਪੁਲਸ ਵੱਲੋਂ ਰੈਲੀ ਵਾਲੇ ਵਿਦਿਆਰਥੀਆਂ ਨੂੰ ਪੂਰਨ ਸਹਿਯੋਗ ਦਿੱਤਾ ਗਿਆ। ਸਕੂਲ ਦੇ ਅਧਿਆਪਕ ਰਾਜਵਿੰਦਰ ਕੌਰ ਅਤੇ ਏਐਨਓ ਮੈਡਮ ਕਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਪ੍ਰਤੀ ਸੁਚੇਤ ਕੀਤਾ। ਸਕੂਲ ਦੀ ਸਮੂਹ ਮੈਨੇਜਮੈਂਟ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਗੁਰੇਜ਼ ਕਰਕੇ ਗੁਰੂਆਂ ਦੇ ਦੱਸੇ ਹੋਏ ਮਾਰਗ ਤੇ ਚੱਲਦਿਆਂ ਵੱਧ ਤੋਂ ਵੱਧ ਗੁਰਬਾਣੀ ਪੜ੍ਹ ਕੇ ਆਪਣੇ ਜੀਵਨ ਨੂੰ ਸਫਲ ਬਣਾਉਣਾ ਚਾਹੀਦਾ।

ਸ੍ਰੀ ਹੇਮਕੁੰਟ ਸਾਹਿਬ ਲਈ 29ਵੀਂ ਪੈਦਲ ਯਾਤਰਾ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਸ੍ਰੀ ਹੇਮਕੁੰਟ ਸਾਹਿਬ ਪੈਦਲ ਯਾਤਰਾ ਸੁਸਾਇਟੀ ਬਟਾਲਾ ਦੇ ਸਹਿਯੋਗ ਨਾਲ ਡੇਰਾ ਬਾਬਾ ਨਾਨਕ ਤੋਂ ਸ੍ਰੀ ਹੇਮਕੁੰਟ ਸਾਹਿਬ ਤੱਕ ਮਹਾਨ ਪੈਦਲ ਯਾਤਰਾ 2 ਜੂਨ ਨੂੰ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਰਵਾਨਾ ਹੋਵੇਗੀ। ਇਸ ਪੈਦਲ ਯਾਤਰਾ ਸਬੰਧੀ ਸੁਸਾਇਟੀ ਵੱਲੋਂ ਅੱਜ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਯਾਤਰਾ ਦੇ ਮੁੱਖ ਪ੍ਰਬੰਧਕ ਡਾ. ਗੁਰਦੇਵ ਸਿੰਘ ਧਾਰੋਵਾਲੀ ਨੇ ਦੱਸਿਆ ਕਿ 2 ਜੂਨ ਨੂੰ ਇਸ ਪੈਦਲ ਯਾਤਰਾ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਅਰਦਾਸ ਕਰਨ ਉਪਰੰਤ ਸੰਤ ਮਹਾਂਪੁਰਸ਼ ਤੇ ਸਮਾਜ ਸੇਵੀ ਰਵਾਨਾ ਕਰਨਗੇ, ਜੋ ਵੱਖ-ਵੱਖ ਥਾਵਾਂ ਤੇ ਪੜਾਅ ਕਰਨ ਉਪਰੰਤ ਸ੍ਰੀ ਹੇਮਕੁੰਟ ਸਾਹਿਬ ਦਰਸ਼ਨ ਕਰੇਗੀ ਤੇ 35 ਦਿਨਾਂ ਦਾ ਸਫਰ ਤੈਅ ਕਰਕੇ 6 ਜੁਲਾਈ ਨੂੰ ਵਾਪਸ ਪੁੱਜੇਗੀ। ਉਨ੍ਹਾਂ ਕਿਹਾ ਕਿ ਮਹਾਨ ਯਾਤਰਾ ਨੂੰ ਲੈ ਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਇਸ ਪੈਦਲ ਯਾਤਰਾ ਦੇ ਸਵਾਗਤ ਲਈ ਇਲਾਕੇ ਦੀਆਂ ਸੰਗਤਾਂ ਵਲੋਂ ਪਿੰਡ ਪਿੰਡ ਸੁਆਗਤੀ ਗੇਟ ਤੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕੀ ਜਿਨ੍ਹਾਂ ਸੰਗਤਾਂ ਨੇ ਇਸ ਪੈਦਲ ਯਾਤਰਾ ਨਾਲ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾਣਾ ਹੋਵੇ ਉਹ ਆਪਣੇ ਨਾਲ 2 ਪਾਸਪੋਰਟ ਸਾਈਜ਼ ਫੋਟੋਆਂ, ਆਧਾਰ ਕਾਰਡ, ਟਾਰਚ, ਗਲਾਸ ਥਾਲੀ ਛੋਟਾ ਬਿਸਤਰਾ ਤੇ ਜੋ ਦਵਾਈ ਤੁਸੀਂ ਪਹਿਲਾਂ ਵਰਤ ਰਹੇ ਹੋ ਉਹ ਨਾਲ ਲੈ ਕੇ ਆਉਣ। ਇਸ ਮੌਕੇ ਡਾ. ਗੁਰਦੇਵ ਸਿੰਘ, ਪ੍ਰੋ. ਗੁਰਵਿੰਦਰ ਸਿੰਘ, ਸਰਪੰਚ ਗੁਲਜਾਰ ਸਿੰਘ, ਮੈਨੇਜਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ , ਬਾਬਾ ਜਗੀਰ ਸਿੰਘ ਹੁਰੂਵਾਲ, ਬਾਬਾ ਰਣਧੀਰ ਸਿੰਘ, ਜਗਜੀਤ ਸਿੰਘ ਠੇਠਰਕੇ, ਹਰਜਿੰਦਰਪਾਲ ਸਿੰਘ, ਸੁਖਜਿੰਦਰ ਸਿੰਘ ਲਾਲੀ, ਹਰਪਾਲ ਸਿੰਘ ਧਾਰੋਵਾਲੀ, ਅਰਮਿੰਦਰ ਸਿੰਘ ਗੋਲਡੀ, ਦਲਜੀਤ ਸਿੰਘ, ਮੋਹਨ ਸਿੰਘ, ਬਾਬਾ ਬਲਜਿੰਦਰ ਸਿੰਘ, ਨਰਿੰਦਰ ਸਿੰਘ ਗੋਲਡੀ, ਮਾਸਟਰ ਚਰਨਜੀਤ ਸਿੰਘ ਬੇਦੀ, ਮਾਸਟਰ ਸਤਨਾਮ ਸਿੰਘ ਧਾਰੋਵਾਲੀ, ਤਰਸੇਮ ਸਿੰਘ ਭਗਵਾਨਪੁਰ ਆਦਿ ਹਾਜ਼ਰ ਸਨ।

ਬਾਬਾ ਬੁੱਢਾ ਪਬਲਿਕ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਤਰਨ ਤਾਰਨ ਦਾ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ ਜਿਨ੍ਹਾਂ ਵਿੱਚ ਸਿਮਰਨਦੀਪ ਕੌਰ ਸਪੁੱਤਰੀ ਜਗਜੀਤ ਨੇ 650 ਵਿਚੋਂ 621 ਨੰਬਰ (95/5%) ਪ੍ਰਾਪਤ ਕਰਕੇ ਪਹਿਲਾ ਸਥਾਨ, ਸਿਮਰਨਜੀਤ ਕੌਰ ਸਪੁੱਤਰੀ ਮਨਜੀਤ ਸਿੰਘ ਨੇ 650 ਵਿਚੋਂ 616 (94/7%) ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਗੁਰਲਗਨਪ੍ਰੀਤ ਕੌਰ ਸਪੁੱਤਰੀ ਬਹਿਲ ਸਿੰਘ ਨੇ 650 ਵਿਚੋਂ 598 (92%) ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਦਸਵੀਂ ਕਲਾਸ ਵਿਚੋਂ ਕੁਲ 88 ਵਿਦਿਆਰਥੀ ਪ੍ਰੀਖਿਆ ਵਿੱਚ ਅਪੀਅਰ ਹੋਏ ਅਤੇ 88 ਵਿਦਿਆਰਥੀ ਪਾਸ ਹੋਏ। ਇਸ ਮੌਕੇ ਪ੍ਰਿੰਸੀਪਲ ਤਰਨਜੀਤ ਸਿੰਘ ਅਤੇ ਸਮੂਹ ਸਟਾਫ ਵੱਲੋਂ ਬੋਰਡ ਪ੍ਰੀਖਿਆ ਵਿੱਚੋਂ ਚੰਗੇ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਗਈ।

ਸਤਲੁਜ ਸਕੂਲ ਦੀ ਵਿਦਿਆਰਥਣ ਪਲਕਦੀਪ ਕੌਰ ਰਾਸਾ ਵੱਲੋਂ ਸਨਮਾਨਿਤ

ਪੱਟੀ, ਬਲਦੇਵ ਸਿੰਘ ਕਿਰਤੋਵਾਲ/ਸ਼ਮਸੇਰ ਸਿੰਘ ਯੋਧਾ)-ਪਲਕਦੀਪ ਕੌਰ ਨੂੰ ਰਾਸਾ ਯੂਕੇ ਵੱਲੋਂ ਨਗਦ ਰਾਸ਼ੀ ਦੇ ਕੇ ਸਨਮਾਨਿਆ ਗਿਆ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜਿਆਂ 'ਚ ਸਤਲੁਜ ਪਬਲਿਕ ਸੀਨੀਅਰ ਸ

1-Jun-PAGE- 12 qxd.qxd 5/31/2023 9:40 PM Page 1

ਭਲਵਾਨ ਕੁੜੀਆਂ ਦੇ ਹੱਕ 'ਚ ਮੋਦੀ ਦਾ ਅਰਥੀ ਫੂਕ ਮੁਜ਼ਾਹਰਾ ਅੱਜ

ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆਂ) ਜਨਤਕ ਜਥੇਬੰਦੀਆਂ ਭਾਰਤੀ ਕੁਸ਼ਤੀ ਸੰਘ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਐਮ ਪੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਨਵਾਂਸ਼ਹਿਰ ਵਿੱਚ 1 ਜੂਨ ਨੂੰ ਅਰਥੀ ਫੂਕ ਮੁਜਾਹਰਾ ਕਰਨਗੀਆਂ। ਇਹ ਫੈਸਲਾ ਅੱਜ ਇੱਥੇ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਹੋਈ ਮੀਟਿੰਗ 'ਚ ਕੀਤਾ ਗਿਆ। ਅਰਥੀ ਫੂਕ ਮੁਜਾਹਰੇ ਤੋਂ ਪਹਿਲਾਂ ਸਥਾਨਕ ਬੱਸ ਅੱਡੇ 'ਤੇ ਇਕੱਤਰਤਾ ਕੀਤੀ ਜਾਵੇਗੀ। ਮੀਟਿੰਗ ਕਿਹਾ ਗਿਆ ਕਿ ਮੋਦੀ ਸਰਕਾਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਉਸਦਾ ਨੰਗੇ ਚਿੱਟੇ ਰੂਪ 'ਚ ਬਚਾਅ ਕਰ ਰਹੀ ਹੈ। ਆਗੂਆਂ ਨੇ ਜਿਲ੍ਹੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਉਹ ਇਸ ਪ੍ਰਦਰਸ਼ਨ 'ਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ। ਮੀਟਿੰਗ 'ਚ ਇਫਟੂ ਦੇ ਸੂਬਾਈ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ, ਜਮਹੂਰੀ ਅਧਿਕਾਰ ਸਭਾ ਦੇ ਜਿਲ੍ਹਾ ਸਕੱਤਰ ਜਸਬੀਰ ਦੀਪ, ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਜਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਜਿਲ੍ਹਾ ਖਜਾਨਚੀ ਸੋਹਨ ਸਿੰਘ ਅਟਵਾਲ, ਪੇਂਡੂ ਮਜਦੂਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਕਮਲਜੀਤ ਸਨਾਵਾ, ਜਿਲ੍ਹਾ ਸਕੱਤਰ ਹਰੀ ਰਾਮ ਰਸੂਲਪੁਰੀ, ਇਸਤਰੀ ਜਾਗ੍ਰਿਤੀ ਮੰਚ ਦੇ ਜਿਲ੍ਹਾ ਸਕੱਤਰ ਰੁਪਿੰਦਰ ਕੌਰ ਦੁਰਗਾ ਪੁਰ, ਪ੍ਰਵਾਸੀ ਮਜ਼ਦੂਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ, ਰੇਹੜੀ ਵਰਕਰਜ਼ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਸਿੰਘ, ਸਕੱਤਰ ਮੁਕੇਸ਼ ਕੁਮਾਰ, ਭੱਠਾ ਵਰਕਰਜ਼ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਆਟੋ ਵਰਕਰਜ਼ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਪੁਨੀਤ ਕੁਮਾਰ ਬਛੌੜੀ, ਸਕੱਤਰ ਤਰਨਦੀਪ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਗੁਰਪ੍ਰੀਤ ਸਿੰਘ ਗੋਪੀ, ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਨਿਰਮਲ ਸਿੰਘ ਜੰਡੀ ਨੇ ਸ਼ਮੂਲੀਅਤ ਕੀਤੀ।

ਨਡਾਲੋਂ ਵਿਖੇ ਸ਼ਹੀਦ ਬਾਬਾ ਮੱਤੀ ਸਾਹਿਬ ਰਾਜਪੂਤ ਸਭਾ ਦੀ ਮੀਟਿੰਗ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਨਡਾਲੋਂ ਵਿਖੇ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਦੇ ਅਸਥਾਨ 'ਤੇ ਸ਼ਹੀਦ ਬਾਬਾ ਮੱਤੀ ਸਾਹਿਬ ਰਾਜਪੂਤ ਸਭਾ ਦੀ ਇੱਕ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬਾਬਾ ਜਰਨੈਲ ਸਿੰਘ ਖਾਲਸਾ ਨਡਾਲੋਂ ਨੇ ਰਾਜਪੂਤ ਭਾਈਚਾਰੇ ਆ ਰਹੀਆਂ ਸਮੱਸਿਆਵਾਂ ਸੰਬੰਧੀ ਵੱਖ ਵੱਖ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਬਾਬਾ ਜਰਨੈਲ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ਼ਹੀਦ ਬਾਬਾ ਮੱਤੀ ਸਾਹਿਬ ਰਾਜਪੂਤ ਸਭਾ ਦਾ ਪਿੰਡ ਡਰੋਲੀ ਕਲਾਂ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਦੇ ਅਸਥਾਨ 'ਤੇ ਖੋਲਿਆ ਜਾਵੇਗਾ। ਇਸ ਮੌਕੇ ਬਾਬਾ ਜਰਨੈਲ ਸਿੰਘ ਖਾਲਸਾ ਨਡਾਲੋਂ, ਜਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ, ਜਥੇਦਾਰ ਜਸਵੀਰ ਸਿੰਘ ਸਾਬਕਾ ਸਰਪੰਚ ਨਡਾਲੋਂ, ਗੁਰਮੀਤ ਸਿੰਘ ਫਗਲਾਣਾ, ਜਥੇਦਾਰ ਹਰੀ ਸਿੰਘ ਜਸਵਾਲ ਭਾਮ, ਬਲਵਿੰਦਰ ਸਿੰਘ ਜਸਵਾਲ, ਕਿਰਪਾਲ ਸਿੰਘ ਅਜਨੋਹਾ, ਸੁਖਵਿੰਦਰ ਸਿੰਘ ਅਜਨੋਹਾ, ਜਥੇਦਾਰ ਬਲਜੀਤ ਸਿੰਘ ਪਧਿਆਣਾ, ਲਖਵੀਰ ਸਿੰਘ ਨਰੂੜ, ਗੁਰਵਿੰਦਰ ਸਿੰਘ ਵਿੱਕੀ ਪਾਸਟਾਂ, ਗੋਪਾਲ ਸਿੰਘ ਭਾਮ, ਸੁਖਦੇਵ ਸਿੰਘ ਨਰੂੜ, ਤਰਸੇਮ ਸਿੰਘ ਨਰੂੜ, ਰਛਪਾਲ ਸਿੰਘ ਡਰੋਲੀ ਕਲਾਂ, ਕੁਲਦੀਪ ਸਿੰਘ ਮਿਨਹਾਸ ਆਦਮਪੁਰ, ਰਣਜੀਤ ਸਿੰਘ ਪਰਮਾਰ, ਜੋਗਿੰਦਰ ਸਿੰਘ ਪਰਮਾਰ ਪੰਜੋੜਾ, ਕੁਲਦੀਪ ਸਿੰਘ ਪਰਮਾਰ ਨਡਾਲੋਂ, ਮਨਜੀਤ ਸਿੰਘ ਰਣਧੀਰਗੜ, ਦਲਜੀਤ ਸਿੰਘ ਹੁਸ਼ਿਆਰਪੁਰ, ਜਸਵੀਰ ਸਿੰਘ ਪਰਮਾਰ ਹੁਸ਼ਿਆਰਪੁਰ, ਗੁਰਵਿੰਦਰ ਸਿੰਘ ਪਰਮਾਰ ਹੁਸ਼ਿਆਰਪੁਰ, ਐਚ ਜੀ ਜਸਵਾਲ ਡਰੋਲੀ ਕਲਾਂ, ਗੁਰਦੇਵ ਸਿੰਘ ਪਧਿਆਣਾ, ਗੁਰਮੁੱਖ ਸਿੰਘ, ਨਰਿੰਦਰ ਸਿੰਘ, ਕੁਲਦੀਪ ਸਿੰਘ ਪਰਮਾਰ ਨਡਾਲੋਂ, ਬੁੱਧ ਸਿੰਘ ਪਰਮਾਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਰਾਜਪੂਤ ਸਭਾ ਦੇ ਮੈਂਬਰ ਹਾਜ਼ਰ ਸਨ।

ਸ੍ਰੀ ਅਨੰਦਪੁਰ ਸਾਹਿਬ ਵਿਖੇ 3 ਦੀ ਸੂਬਾਈ ਰੈਲੀ 'ਚ ਹੋਵੇਗੀ ਵਧ-ਚੜ੍ਹ ਕੇ ਸ਼ਮੂਲੀਅਤ

ਜਲੰਧਰ (ਰਾਜੇਸ਼ ਬਾਬਾ) ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਹੈਂਕੜ ਭਰਪੂਰ ਵਤੀਰਾ ਵਰਤਦੇ ਹੋਏ ਜਥੇਬੰਦੀ ਦੇ ਆਗੂਆਂ ਨਾਲ ਬਦਸਲੂਕੀ ਕਰਦੇ ਹੋਏ, ਉਹਨਾਂ ਨੂੰ ਥਾਣੇ ਵਿੱਚ ਬੰਦ ਕਰਵਾਉਣ ਦੇ ਵਿਰੋਧ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸਨ ਮੁੱਖ ਦਫਤਰ ਚੰਡੀਗੜ੍ਹ ਵੱਲੋਂ 3 ਜੂਨ ਨੂੰ ਸਿੱਖਿਆ ਮੰਤਰੀ ਪੰਜਾਬ ਦੇ ਹਲਕੇ 'ਚ ਕੀਤੀ ਜਾ ਰਹੀ ਵਿਸ਼ਾਲ ਸੂਬਾਈ ਰੈਲੀ ਵਿੱਚ ਸਮੂਲੀਅਤ ਨੂੰ ਯਕੀਨੀ ਬਣਾਉਣ ਲਈ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪ ਸ ਸ ਫ ਦੇ ਜਿਲ੍ਹਾ ਪ੍ਰਧਾਨ ਪੁਸਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਭਰਵੀਂ ਮੀਟਿੰਗ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਪੰਜਾਬ ਦੀ ਆਪ ਪਾਰਟੀ ਦੀ ਸਰਕਾਰ ਦੇ ਮੰਤਰੀ ਸੱਤਾ ਦੇ ਨਸ਼ੇ 'ਚ ਚੂਰ ਹੋ ਕੇ ਜਨਤਕ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਕਰਨ ਸਮੇਂ ਹੈਂਕੜ ਭਰਪੂਰ ਵਤੀਰਾ ਦਿਖਾਉਂਦੇ ਹੋਏ ਆਗੂਆਂ ਨਾਲ ਬਦਸਲੂਕੀ ਕਰਨ ਰਹੇ ਹਨ। ਆਗੂਆਂ ਨਾਲ ਮੁਲਾਜਮਾ ਮੰਗਾਂ ਸੰਬੰਧੀ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਨ ਦੀ ਬਜਾਏ ਉਨ੍ਹਾਂ ਨੂੰ ਡਿਕਟੇਟਰਸ਼ਾਹੀ ਪਹੁੰਚ ਅਪਣਾਉਂਦੇ ਹੋਏ ਥਾਣੇ 'ਚ ਬੰਦ ਕਰਵਾਇਆ ਜਾ ਰਿਹਾ ਹੈ। ਜਿਸ ਦੀ ਤਾਜਾ ਮਿਸਾਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ 24 ਮਈ ਨੂੰ ਪ.ਸ.ਸ.ਫ.ਦੇ ਸੂਬਾ ਪ੍ਰਧਾਨ ਅਤੇ ਪੰਜਾਬ - ਯੂ.ਟੀ.ਮੁਲਾਜਮ ਅਤੇ ਪੈਨਸਨਰ ਸਾਂਝਾ ਫਰੰਟ ਪੰਜਾਬ ਦੇ ਕਨਵੀਨਰ ਅਤੇ ਕੋਆਰਡੀਨੇਟਰ ਸਾਥੀ ਸਤੀਸ਼ ਰਾਣਾ ਨੂੰ ਥਾਣੇ ਵਿੱਚ ਬੰਦ ਕਰਵਾ ਕੇ ਦਿੱਤੀ ਹੈ। ਪੰਜਾਬ ਸਰਕਾਰ ਦੇ ਮੰਤਰੀਆਂ ਦੀਆਂ ਇਹੋ ਜਿਹੀਆਂ ਘਿਨੌਣੀਆਂ ਕਾਰਵਾਈਆਂ ਨੂੰ ਪੰਜਾਬ ਦੇ ਜੁਝਾਰੂ ਮੁਲਾਜਮ ਕਦੇ ਵੀ ਬਰਦਾਸਤ ਨਹੀਂ ਕਰਨਗੇ ਅਤੇ 3 ਜੂਨ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਸੂਬਾਈ ਰੈਲੀ ਕਰਕੇ ਸਿੱਖਿਆ ਮੰਤਰੀ ਪੰਜਾਬ ਨੂੰ ਇਸ ਦਾ ਜਵਾਬ ਦੇਣਗੇ। ਰੈਲੀ 'ਚ ਜਲੰਧਰ ਸ਼ਹਿਰ, ਆਦਮਪੁਰ, ਨਕੋਦਰ, ਸਾਹਕੋਟ, ਨੂਰਮਹਿਲ, ਫਿਲੌਰ, ਗੁਰਾਇਆ ਅਤੇ ਰੁੜਕਾ ਕਲਾਂ ਤੋਂ ਵਹੀਕਲ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਪੁਸ਼ਪਿੰਦਰ ਕੁਮਾਰ ਵਿਰਦੀ, ਨਿਰਮੋਲਕ ਸਿੰਘ ਹੀਰਾ, ਅਕਲ ਚੰਦ ਸਿੰਘ, ਕੁਲਦੀਪ ਵਾਲੀਆ,ਕਰਨੈਲ ਫਿਲੌਰ, ਬਲਜੀਤ ਸਿੰਘ ਕੁਲਾਰ,ਦੀਪਕ ਕੁਮਾਰ, ਸੂਰਤੀ ਲਾਲ ਭੋਗਪੁਰ, ਬਲਵੀਰ ਸਿੰਘ ਅਤੇ ਕੁਲਦੀਪ ਸਿੰਘ ਕੌੜਾ ਅਤੇ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਸੰਧਵਾਂ ਵੱਲੋਂ ਵਿਧਾਨ ਸਭਾ ਦੀਆਂ ਬੈਠਕਾਂ ਦੇ ਬੁਲੇਟਿਨ ਸਬੰਧੀ ਕਿਤਾਬ ਜਾਰੀ

ਚੰਡੀਗੜ੍ਹ, (ਗੁਰਜੀਤ ਬਿੱਲਾ)— -ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਨ ਸਭਾ ਦੀਆਂ ਕਾਰਵਾਈਆਂ ਸਬੰਧੀ ਕਿਤਾਬ "ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੇ ਬੁਲੇਟਿਨ (1960-2021)" ਆਪਣੇ ਦਫਤਰ ਵਿਖੇ ਜਾਰੀ ਕੀਤੀ। ਇਸ ਮੌਕੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਅਤੇ ਸਕੱਤਰ ਸੁਰਿੰਦਰ ਪਾਲ ਮੌਜੂਦ ਸਨ। ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਤਿੰਨ ਭਾਗਾਂ ਵਿੱਚ ਪ੍ਰਕਾਸ਼ਿਤ ਕਰਵਾਈ ਗਈ ਇਸ ਕਿਤਾਬ ਨੂੰ ਇਤਿਹਾਸਿਕ ਦਸਤਾਵੇਜ਼ ਕਰਾਰ ਦਿੰਦਿਆਂ ਸਪੀਕਰ ਨੇ ਕਿਤਾਬ ਛਪਵਾਉਣ ਵਾਲੀ ਰਿਪੋਰਟਰ ਸ਼ਾਖਾ ਨੂੰ ਇਸ ਕਾਰਜ ਲਈ ਵਧਾਈ ਦਿੱਤੀ। ਸਪੀਕਰ ਨੇ ਦੱਸਿਆ ਕਿ ਇਹ ਕਿਤਾਬ ਦੇਸ਼ ਦੀਆਂ ਸਮੂਹ ਰਾਜ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਦੇ ਇਤਿਹਾਸ ਵਿੱਚ ਅਜਿਹੀ ਪਹਿਲੀ ਕਿਤਾਬ ਹੈ ਜਿਸ ਵਿੱਚੋਂ ਸਾਲ 1960 ਤੋਂ ਲੈ ਕੇ ਹੁਣ ਤੱਕ ਦੀ ਕੋਈ ਵੀ ਸੂਚਨਾ ਸਾਰ-ਅੰਸ਼ ਦੇ ਰੂਪ ਵਿੱਚ ਸਹਿਜੇ ਹੀ ਪ੍ਰਾਪਤ ਕੀਤੀ ਜਾ ਸਕੇਗੀ। ਉਨ੍ਹਾਂ ਦੱਸਿਆ ਕਿ ਇਸ ਕਿਤਾਬ ਵਿੱਚ ਸਾਲ 1960 ਤੋਂ 2021 ਦੇ ਸਾਰੇ ਬੁਲੇਟਿਨ ਨੂੰ ਇੱਕ ਥਾਂ ਇਕੱਤਰ ਕੀਤਾ ਗਿਆ ਹੈ ਅਤੇ ਪਾਠਕਾਂ ਦੀ ਜਾਣਕਾਰੀ ਲਈ ਪੰਜਾਬ ਦੇ ਹੁਣ ਤੱਕ ਦੇ ਰਾਜਪਾਲਾਂ, ਮੁੱਖ ਮੰਤਰੀਆਂ, ਸਪੀਕਰਾਂ, ਡਿਪਟੀ ਸਪੀਕਰਾਂ, ਵਿਧਾਨ ਸਭਾ ਸਕੱਤਰਾਂ ਦੇ ਨਾਂਅ ਤੇ ਉਨ੍ਹਾਂ ਦੇ ਕਾਰਜਕਾਲ ਦਾ ਸਮਾਂ, ਵਿਧਾਨ ਸਭਾ ਦੀ ਪਹਿਲੀ ਅਸੈਂਬਲੀ ਤੋਂ ਲੈ ਕੇ 16ਵੀਂ ਅਸੈਂਬਲੀ ਤੱਕ ਦੇ ਸਾਰੇ ਕਾਰਜਕਾਲ ਅਤੇ ਸਮੇਂ-ਸਮੇਂ 'ਤੇ ਰਹੇ ਰਾਸਟਰਪਤੀ ਰਾਜ ਦਾ ਸਮਾਂ ਵੀ ਦਰਸਾਇਆ ਗਿਆ ਹੈ। ਦੱਸ ਦੇਈਏ ਕਿ ਵਿਧਾਨ ਸਭਾ ਵੱਲੋਂ ਇਸ ਤੋਂ ਪਹਿਲਾਂ ਤਿੰਨ ਕਿਤਾਬਾਂ "ਚੇਅਰ ਵੱਲੋਂ ਲਏ ਫੈਸਲੇ", "ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਮਤੇ" ਅਤੇ "ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੇ ਵੇਰਵਿਆਂ ਦਾ ਸੰਗ੍ਰਹਿ" ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ।

ਯੂਨੀਵਰਸਲ ਵਿਰਾਸਤੀ ਅਖਾੜਾ ਯਾਦਗਾਰੀ ਹੋ ਨਿੱਬੜਿਆ

ਚੰਡੀਗੜ੍ਹ (ਗੁਰਜੀਤ ਬਿੱਲਾ)-ਯੂਨੀਵਰਸਲ ਆਰਟ ਐਂਡ ਕਲਚਰ ਵੈਲਫੇਅਰ ਸੁਸਾਇਟੀ (ਰਜਿ:) ਮੋਹਾਲੀ ਵੱਲੋਂ ਲੱਚਰ ਤੇ ਹਥਿਆਰੀ ਗਾਇਕੀ ਦੇ ਵਿਰੋਧ ਵਿਚ ਚਲਾਏ ਗਏ ਵਿਰਾਸਤੀ ਅਖਾੜੇ ਦੀ ਲੜੀ ਵਿੱਚ 28ਵੇਂ ਯੂਨੀਵਰਸਲ ਵਿਰਾਸਤੀ ਅਖਾੜੇ ਦੀ ਪੇਸ਼ਕਾਰੀ ਸ਼ੋਅਮੈਨ ਈਵੈਂਟ ਇੰਟਰਟੇਨਮੈਂਟ ਐਂਡ ਪ੍ਰੋਡਕਸ਼ਨ ਹਾਊਸ ਕੈਨੇਡਾ, ਮਿਲਕੀ ਵੇਅ ਇਮੀਗ੍ਰੇਸ਼ਨ ਕੈਨੇਡਾ ਤੇ ਇਪਟਾ ਮੋਹਾਲੀ ਦੇ ਸਹਿਯੋਗ ਨਾਲ ਕੀਤੀ ਗਈ। ਇਹ ਅਖਾੜਾ ਇਪਟਾ ਦੇ 80ਵੇਂ ਸਥਾਪਨਾ ਦਿਵਸ ਨੂੰ ਸਮਰਪਤ ਕੀਤਾ ਗਿਆ। ਜਿਸ ਵਿਚ ਲੋਕ ਗਾਇਕੀ ਦੇ ਰੰਗਾਂ ਤੋਂ ਇਲਾਵਾ ਵਿਰਾਸਤੀ ਤੇ ਸੱਭਿਆਚਾਰਕ ਲੋਕ ਨਾਚਾਂ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਅਖਾੜੇ ਵਿੱਚ ਸੰਜੀਵ ਵਸ਼ਿਸ਼ਟ ਜ਼ਿਲ੍ਹਾ ਪ੍ਰਧਾਨ ਬੀ ਜੇ ਪੀ ਮੋਹਾਲੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਨੇਡਾ ਤੋਂ ਵਿਸ਼ੇਸ਼ ਤੌਰ ਤੇ ਪਹੁੰਚੀ ਲੋਕ ਰੰਗ ਕਲਾ ਪ੍ਰੇਮੀ ਮਨਵੀਰ ਕੌਰ, ਫੋਕਲੋਰ ਫ੍ਰੇਟਰਨਿਟੀ ਫੈਡਰੇਸ਼ਨ ਦੇ ਪ੍ਰਧਾਨ ਦਵਿੰਦਰ ਜੁਗਨੀ ਸਟੇਟ ਐਵਾਰਡੀ ਅਤੇ ਰਾਸ਼ਟਰਪਤੀ ਐਵਾਰਡੀ ਬਲਕਾਰ ਸਿੱਧੂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੰਜੀਵ ਵਸ਼ਿਸ਼ਟ ਨੇ ਸੁਸਾਇਟੀ ਦੇ ਮੈਂਬਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਨੌਜਵਾਨਾਂ ਨੂੰ ਸੇਧ ਦੇਣ ਵਾਲੇ ਅਜਿਹੇ ਵਿਰਾਸਤੀ ਅਖਾੜੇ ਪੂਰੇ ਪੰਜਾਬ ਵਿਚ ਲੱਗਣੇ ਚਾਹੀਦੇ ਹਨ ਤਾਂ ਜੋ ਨੌਜਵਾਨਾਂ ਨੂੰ ਆਪਣੇ ਵਿਰਸੇ ਤੇ ਸੱਭਿਆਚਾਰ ਤੋਂ ਜਾਣੂੰ ਕਰਵਾਇਆ ਜਾ ਸਕੇ। ਅਖਾੜੇ ਦਾ ਮੰਚ ਸੰਚਾਲਨ ਅਲਗੋਜ਼ਾ ਉਸਤਾਦ ਕਰਮਜੀਤ ਸਿੰਘ ਬੱਗਾ ਸਟੇਟ ਐਵਾਰਡੀ ਵੱਲੋਂ ਕੀਤਾ ਗਿਆ। ਅਖਾੜੇ ਦੀ ਸ਼ੁਰੂਆਤ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਖਾੜਾ ਮੋਹਾਲੀ ਵੱਲੋਂ ਕੀਤੀ ਗਈ। ਗਾਇਕ ਅੰਮ੍ਰਿਤ ਭਿੰਡਰ ਨੇ ਵਾਰ ਬਾਬਾ ਬੰਦਾ ਸਿੰਘ ਬਹਾਦਰ ਗਾਈ। ਬਹਾਦਰ ਸਿੰਘ ਗੀਤਕਾਰ ਵੱਲੋਂ ਗੀਤ ਵੱਡੀ ਭੈਣ ਸੁਣਾ ਕੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਉਸਤਾਦ ਆਤਮਜੀਤ ਸਿੰਘ ਦੀ ਨਿਰਦੇਸ਼ਨਾ ਹੇਠ ਨੌਜਵਾਨਾਂ ਵੱਲੋਂ ਲੋਕ ਨਾਚ ਝੂੰਮਰ ਦੀ ਪੇਸ਼ਕਾਰੀ ਬਕਮਾਲ ਰਹੀ। ਲੋਕ ਗਾਇਕ ਸੁੱਖੀ, ਨੇਤਰਪ੍ਰੀਤ ਸਿੰਘ, ਆਰ ਵੀ ਸਿੰਘ ਦੇ ਗੀਤਾਂ ਨੂੰ ਵੀ ਦਰਸ਼ਕਾਂ ਵੱਲੋਂ ਸਰਾਹਿਆ ਗਿਆ। ਬੱਚਿਆਂ ਦੇ ਭੰਗੜੇ, ਲੁੱਡੀ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਦੀਪ ਜੰਡੋਰੀਆ ਵੱਲੋਂ ਵੀ ਪੰਜਾਬੀ ਗੀਤ ਗਾ ਕੇ ਹਾਜ਼ਰੀ ਲਗਵਾਈ ਗਈ। ਸੰਜੀਵਨ ਸਿੰਘ ਨਾਟਕਕਾਰ ਤੇ ਰੰਗਕਰਮੀ, ਫਕੀਰ ਮੌਲੀ ਵਾਲਾ ਗੀਤਕਾਰ ਨੂੰ ਪੰਜਾਬੀ ਮਾਂ-ਬੋਲੀ ਦੀ ਸੇਵਾ ਤੇ ਨੌਜਵਾਨਾਂ ਨੂੰ ਸੇਧ ਦਿੰਦੇ ਸਾਹਿਤ ਤੇ ਨਾਟਕ ਲਿਖਣ ਲਈ ਸਨਮਾਨਤ ਕੀਤਾ ਗਿਆ। ਪਾਰਸ ਕੰਬੋਜ ਵੱਲੋਂ ਲੋਕ ਸਾਜ਼ਾਂ ਨਾਲ ਬੁਲੰਦ ਅਵਾਜ਼ ਵਿਚ ਮਿਰਜ਼ਾ ਗਾ ਕੇ ਵਿਰਾਸਤੀ ਅਖਾੜੇ ਨੂੰ ਸਿਖਰਾਂ 'ਤੇ ਪਹੁੰਚਾਇਆ।

ਅੰਤ 'ਚ ਸੁਸਾਇਟੀ ਦੇ ਪ੍ਰਧਾਨ ਰੰਗਕਰਮੀ ਤੇ ਅਦਾਕਾਰ ਨਰਿੰਦਰ ਪਾਲ ਸਿੰਘ ਨੀਨਾ ਵੱਲੋਂ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ। ਅਖਾੜੇ ਵਿਚ ਸਰਪ੍ਰਸਤ ਗੁਰਪ੍ਰੀਤ ਸਿੰਘ ਖਾਲਸਾ, ਗੋਪਾਲ ਸ਼ਰਮਾ, ਅੰਮ੍ਰਿਤਪਾਲ ਸਿੰਘ, ਬਲਕਾਰ ਸਿੱਧੂ, ਪ੍ਰੋ. ਜਸਬੀਰ ਕੌਰ, ਮਲਕੀਤ ਮਲੰਗਾ ਹਾਸਰਸ ਕਲਾਕਾਰ, ਗੀਤਕਾਰ ਭੁਪਿੰਦਰ ਮਟੋਰੀਆ, ਗੀਤਕਾਰ ਬਲਜੀਤ ਢਿੱਡਿਆਂਵਾਲ